ੴ


ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

## ਭਾਈ ਤਾਰੂ ਸਿੰਘ ਜੀ ਸ਼ਹੀਦ

FEB 1986



ਫ਼ਰਵਰੀ ੧੯੮੬

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥

ਸਿਖੀ ਕੇਸਾਂ ਸੁਆਸਾਂ ਸੰਗ ਨਿਭਾਉਣ ਦੇ ਪ੍ਰਣ ਇਉਂ ਨਿਭਦੇ ਹਨ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਸਕੂਲਾਂ, ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਜਬ ਲਗ ਖਾਲਸਾ ਰਹੇ ਨਿਆਰਾ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਗੁਰੂ, ਅਕਾਲ ਪੁਰਖ ਦਾ ਭੇਦ ਤੇ ਅਭੇਦਤਾ | ੪ | ,, ,, ,, |
| ਗੁਰੂ ਕਲਗੀਧਰ ਜੀ ਰਿਵਾਲਸਰ-ਕੰਢੇ | ੬ | ਪ੍ਰੋਫੈਸਰ ਪਿਆਰਾ ਸਿੰਘ ਜੀ ਪਦਮ |
| ਗੁਰਬਾਣੀ ਰਹਿਤਨਾਮਾ | ੧੨ | ਭਾਈ ਰਾਮ ਸਿੰਘ ਜੀ ਸੁਕਐਡਰਨ ਲੀਡਰ |
| ਤਖਤਿ ਬਹੈ ਤਖਤੇ ਕੀ ਲਾਇਕ | ੨੦ | ਪ੍ਰੋਫੈਸਰ ਸਰਬਜੋਤ ਕੌਰ ਜੀ |
| ਗੁਰਮੁਖ ਅਤੇ ਮਨਮੁਖ | ੨੪ | ਭਾਈ ਸਵਰਨ ਸਿੰਘ ਜੀ |
| ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ | ੨੭ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਸ਼ਹੀਦੀ ਸਾਕਾ ਭਾਈ ਤਾਰੂ ਸਿੰਘ ਜੀ (੧) | ੩੪ | ਕੈਪਟਿਨ ਸਵਰਨ ਸਿੰਘ ਜੀ |
| ਜਬੈ ਬਾਣ ਲਾਗਜੋ, ਤਬੈ ਰੋਸ ਜਾਗਜੋ | ੩੯ | ਸ: ਨਰੈਣ ਸਿੰਘ ਜੀ ਐਮ. ਏ. |
| ਸੰਗੀਤ-ਰਸ ਅਤੇ ਕੀਰਤਨ-ਰਸ | ੪੦ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਦੋ ਰੁਬਾਈਆਂ | ੪੦ | ਗੁਮਨਾਮ |
| ਮੁਖ ਮੰਤ੍ਰੀ ਪੰਜਾਬ ਦੇ ਨਾਂ ਖ਼ੱਤ | ੪੧ | ਸ: ਜਸਵੰਤ ਸਿੰਘ ਜੀ ਕੋਛੜ |


ਸ੍ਰੀ ਗੁਰੂ ਹਰਿ ਰਾਇ ਸਾਹਿਬ ਅਵਤਾਰ ਧਾਰਿਆ — ੨੨ ਫ਼ਰਵਰੀ
ਸ਼ਹੀਦੀ ਸਾਕਾ ਨਨਕਾਣਾ ਸਾਹਿਬ — ੨੧ ਫ਼ਰਵਰੀ

ਨੋਟ :—'ਸੂਰਾ' ਦੇ ਸਭ ਪਾਠਕਾਂ ਨੂੰ ਸੂਚਤ ਕੀਤਾ ਜਾਂਦਾ ਹੈ ਕਿ ਜਨਵਰੀ ਦਾ ਪਰਚਾ ਖ਼ਤਮ ਹੋ ਚੁੱਕਾ ਹੈ, ਇਸ ਲਈ ਨਾ ਭੇਜ ਸਕਣ ਕਰਕੇ ਖਿਮਾ ਦਾ ਜਾਚਿਕ ਹਾਂ।

## ਸੂਰਾ ਮਾਸਿਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਪ੍ਰੀਤਮ ਸਿੰਘ ਬੰਬਈ | ਮਾਤਾ ਹਰਬੰਸ ਕੌਰ ਦੀ ਯਾਦ ਵਿਚ | ੫੧-੦੦ |
| ਸ੍ਰੀਮਤੀ ਪ੍ਰੀਤਮ ਕੌਰ ਵਲਵਰਹੈਂਪਟਨ ਯੂ. ਕੇ. | ਸੂਰਾ ਦੀ ਚੜ੍ਹਦੀ ਕਲਾ ਲਈ | ੧੧੪-੫੦ |
| ਸ: ਗੁਤਮੇਲ ਸਿੰਘ ਆਗਰਾ | ਦਸਵੰਧ ਤੇ ਚੜ੍ਹਾਵਾ | ੨੫੦-੦੦ |
| Sgt. ਅਮਰ ਸਿੰਘ ਆਗਰਾ | ਗੁਰ ਕੀ ਗੋਲਕ | ੧੫੦-੦੦ |
| ਸ: ਸਤਵੰਤ ਸਿੰਘ ਜੋਧਪੁਰ | ਪਿਤਾ ਸ: ਪਿਆਰਾ ਸਿੰਘ ਦੀ ਯਾਦ ਵਿਚ | ੫੧-੦੦ |
| ਪ੍ਰਿੰ: ਲਖਦੇਵ ਸਿੰਘ ਹੁਸ਼ਿਆਰਪੁਰ | ਬੱਚੀ ਤਰਨਦੀਪ ਕੌਰ ਦੀ ਅੰਤਮ ਯਾਦ ਵਿਚ | ੧੦੧-੦੦ |
| ਸ: ਜਗਦੀਸ਼ ਸਿੰਘ ਕੋਹਕਾ | ਗੁਰੂ ਕੀ ਗੋਲਕ ਵਿਚੋਂ | ੫੧-੦੦ |
| ਬੀਬੀ ਜਸਵੰਤ ਕੌਰ | ਸੂਰਾ ਦੀ ਚੜ੍ਹਦੀ ਕਲਾ ਲਈ | ੫੧-੦੦ |
| ਸ: ਕਿਰਪਾਲ ਸਿੰਘ ਲੁਧਿਆਣਾ | ਭੁਜੰਗੀ ਦੇ ਅਨੰਦ ਸਮੇਂ ਚੜ੍ਹਾਵਾ | ੪੦-੦੦ |
| ਬੀਬੀ ਸੰਤ ਕੌਰ ਲੁਧਿਆਣਾ | ਸੂਰਾ ਦੀ ਚੜ੍ਹਦੀ ਕਲਾ ਲਈ | ੫੧-੦੦ |
| ਸ: ਬਲਵਿੰਦਰ ਸਿੰਘ ਧਾਰੀਵਾਲ | ਸੂਰਾ ਦੀ ਚੜ੍ਹਦੀ ਕਲਾ ਲਈ | ੧੦-੦੦ |
| ਸ: ਗੁਰਨੇਕ ਸਿੰਘ ਕੋਵੈਂਟਰੀ ਯੂ. ਕੇ. | ਸੂਰਾ ਦੀ ਚੜ੍ਹਦੀ ਕਲਾ ਲਈ | ੨੪੭-੫੦ |
| ਸ: ਕਲਵੰਤ ਸਿੰਘ ਕੋਵੈਂਟਰੀ ਯੂ. ਕੇ. | ਸੂਰਾ ਦੀ ਚੜ੍ਹਦੀ ਕਲਾ ਲਈ | ੮੨-੫੦ |
| ਡਾ: ਮਹਿੰਦਰ ਸਿੰਘ ਡੈਂਟਲ ਸਰਜਨ, ਅੰਮ੍ਰਿਤਸਰ | ਬੱਚੀ ਬਾਵਾ ਕੌਰ ਦੇ ਅਨੰਦ ਸਮੇਂ | ੧੦੧-੦੦ |
| ਸ: ਬਖਸ਼ੀਸ਼ ਸਿੰਘ ਸਕੂਰ ਬਸਤੀ ਵਾਲੇ | ਭੁਜੰਗੀ ਕੁਲਬੀਰ ਸਿੰਘ ਦੇ ਅਨੰਦ ਸਮੇਂ | ੧੦੧-੦੦ |

ਲਾਕਟ ਪ੍ਰਿੰਟਰਜ਼, ਬਾਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧. ੨. ੮੬ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 51847 ਘਰ 43094

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |
| **ਪਰਦੇਸ** | |
| ਸਮੁੰਦਰੀ ਡਾਕ | ੩੫-੦੦ |
| ਹਵਾਈ ਡਾਕ | |
| ਅਰਬ, ਮਲਾਇਆ | ੫੫-੦੦ |
| ਯੂ. ਕੇ., ਅਫ਼ਰੀਕਾ | ੭੫-੦੦ |
| ਕੈਨੇਡਾ, ਅਮਰੀਕਾ | ੯੦-੦੦ |
| **ਅਮਾਨਤੀ** | |
| **ਲਾਈਫ਼ ਮੈਂਬਰ** | |
| ਦੇਸ | ੧੫੦-੦੦ |
| ਪਰਦੇਸ | ੩੫੦-੦੦ |
| ਹਵਾਈ ਡਾਕ | |
| ਯੂ. ਕੇ. ਅਫਰੀਕਾ | ੭੫੦-੦੦ |
| ਕੈਨੇਡਾ ਅਮਰੀਕਾ | ੯੦੦-੦੦ |
| ਅਰਬ, ਮਲਾਇਆ | ੫੫੮-੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੦ ਫ਼ਰਵਰੀ ੧੯੯੬ ਅੰਕ ੨


## ਜਬ ਲਗ ਖਾਲਸਾ ਰਹੇ ਨਿਆਰਾ

ਨਾਮੋਂ ਘੁਥੇ ਧਰਮ-ਹੀਨ ਆਨਮਤੀਆਂ ਸਾਕਤਾਂ ਕੁਸੰਗੀਆਂ ਦੇ ਨਾਲ ਮਿਲਗੋਭਾ ਹੋਣ ਕਰਕੇ ਖਾਲਸਾ ਜੀ ਦਾ ਤੇਜ ਪਰਤਾਪ ਘਟਦਾ ਹੈ, ਜੈਸਾ ਕਿ ਦਸਮੇਸ਼ ਜੀ ਦਾ ਸਿਖ ਪ੍ਰਤੀ ਇਸ ਬਿਧ ਹਿਤ ਉਪਦੇਸ਼ ਹੈ—

ਜਬ ਲਗ ਖਾਲਸਾ ਰਹੈ ਨਿਆਰਾ ॥ ਤਬ ਲਗ ਤੇਜ ਦੀਓ ਮੈਂ ਸਾਰਾ ॥<br>
ਜਬ ਇਹ ਗਹੈ ਬਿਪਰਨ ਕੀ ਰੀਤਿ ॥ ਮੈਂ ਨ ਕਰਉ ਇਨ ਕੀ ਪਰਤੀਤ ॥ [ਸਰਬ ਲੋਹ ਗ੍ਰੰਥ

ਤਾਂ ਤੇ ਖਾਲਸੇ ਜੀ ਦਾ ਤੇਜ ਪਰਤਾਪ ਆਨਮਤੀਆਂ ਦੇ ਮਿਲਗੋਭਾਪਨ ਤੋਂ ਨਿਆਰਾ (ਨਿਰਾਲਾ) ਰਹਿਣ ਵਿਚ ਹੀ ਹੈ। ਆਨਮਤੀਆਂ ਵਿਖੇ ਮਿਲਗੋਭਾ ਹੋ ਜਾਣ ਵਿਚ ਖਾਲਸਾ ਪੰਥ ਦੀ ਨਿਰਾਲੀ ਹਸਤੀ ਹੀ ਨਹੀਂ ਰਹਿੰਦੀ ਅਤੇ ਖਾਲਸਾ ਪੰਥ ਨੂੰ ਬੇਦੀ ਕਤੇਬੀ ਦੋਹੂ ਪ੍ਰਕਾਰ ਦੀਆਂ ਭਿੰਨ ਭਿੰਨ ਸ਼੍ਰੇਣੀਆਂ ਦੇ ਅਨਮਤਾਂ ਵਿਚੋਂ ਨਿਆਰਾ ਅਤੇ ਨਿਰਾਲਾ ਕਰਨ ਦੀ ਲੋੜ ਸ੍ਰੀ ਦਸਮੇਸ਼ ਜੀ ਨੂੰ ਇਸ ਵਾਸਤੇ ਪਈ ਕਿ—

ਦੋਹੂ ਪੰਥ ਮਹਿ ਕਪਟ ਵਿਦਯਾ ਚਲਾਨੀ ॥ ਬਹੁਰ ਤੀਸਰੋ ਪੰਥ ਕੀਜੈ ਪਰਧਾਨੀ ॥

ਦੇ ਸ੍ਰੀ ਮੁਖਵਾਕ ਅਨੁਸਾਰ ਸ੍ਰੀ ਦਸਮੇਸ਼ ਜੀ ਨੂੰ ਮਨਜ਼ੂਰ ਸੀ ਕਿ ਆਨਮਤੀਆਂ ਵਿਖੇ ਮਿਲਗੋਭਾ ਰਹਿਣ ਕਰਕੇ ਨਿਰੋਲ ਖਾਲਸਾ ਪੰਥ ਨੂੰ ਕਪਟ-ਪੰਥੀਆਂ ਦੀਆਂ ਕਪਟ-ਕਰਤੂਤਾਂ, ਕਪਟ-ਕੁਰਹਿਣੀਆਂ, ਕਪਟ-ਕੁਰਹਿਤਾਂ, ਕਪਟ-ਕੁਚਾਲਾਂ ਅਤੇ ਕਪਟ-ਕੁਵਹਿਦਤਾਂ ਤੇ ਕਮਜ਼ੋਰੀਆਂ ਦਾ ਲੇਸ ਲਛਨ ਨਾ ਲਗਣਾ ਪਾਵੇ।

[ਭਾ: ਸਾ: ਭਾਈ ਰਣਧੀਰ ਸਿੰਘ ਜੀ ਲਿਖਤ 'ਗੁਰਮਤਿ ਬਿਬੇਕ' ਪੁਸਤਕ ਚੋਂ




www.AKJ.Org

# ਗੁਰੂ, ਅਕਾਲ ਪੁਰਖ ਦਾ ਭੇਦ ਤੇ ਅਭੇਦਤਾ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਗੁਰਬਾਣੀ ਦੇ ਤੱਤ-ਭਾਵ-ਆਸ਼ੇ ਦੀ ਵਾਸਤਵੀ ਬਿਵਸਥਾ ਨੂੰ ਨਾ ਵੀਚਾਰਨ ਦਾ ਡੂੰਘਾ ਖੋਜ ਬੋਧ ਨਾ ਹੋਣ ਕਰਕੇ ਕਈ ਸਜਣਾਂ ਨੂੰ ਗੁਰਮਤਿ ਦੇ ਤੱਤ ਅਸੂਲਾਂ ਅੰਦਰ ਹੀ ਵਿਰੋਧ ਭਾਸਣ ਲਗ ਪੈਂਦਾ ਹੈ। ਵਾਸਤਵ ਵਿਚ ਇਹ ਵਿਰੋਧ ਉਨ੍ਹਾਂ ਦੀ ਨਿਜ ਵਿਚਾਰ ਬੋਧ ਅੰਦਰ ਹੀ ਹੁੰਦਾ ਹੈ। ਗੁਰਮਤਿ ਦੇ ਅਸੂਲਾਂ ਅੰਦਰ ਰਾਈ ਮਾਤਰ ਭੀ ਵਿਰੋਧ ਨਹੀਂ। ਅਨੇਕ ਵਾਰ ਇਹ ਸ਼ੰਕਾ (ਪ੍ਰਸ਼ਨ) ਅਸਾਡੇ ਸ੍ਰਵਣੀ ਪਿਆ ਹੈ ਕਿ ਗੁਰਬਾਣੀ ਅੰਦਰ ਅਨੇਕਾਂ ਵਾਕ ਐਸੇ ਆਉਂਦੇ ਹਨ ਜਿਨ੍ਹਾਂ ਤੋਂ 'ਗੁਰੂ' ਅਤੇ 'ਅਕਾਲ ਪੁਰਖ' ਦੀ ਏਕਤਾ ਤੇ ਅਭੇਦਤਾ ਤਾਂ ਸਿੱਧ ਹੁੰਦੀ ਹੈ, ਅਰਥਾਤ ਗੁਰੂ ਨੂੰ ਗੋਬਿੰਦ (ਅਕਾਲ ਪੁਰਖ) ਰੂਪ ਕਰਕੇ ਵਰਣਿਆ ਗਿਆ ਹੈ, ਪਰੰਤੂ ਸ੍ਰੀ ਦਸਮੇਸ਼ ਗੁਰੂ ਸਾਹਿਬ ਆਪਣੇ ਆਪ ਨੂੰ ਪਰਮੇਸ਼ਰ ਰੂਪ ਮੰਨਣੋਂ ਮਨਾਹੀ ਕਰਦੇ ਹਨ ਅਤੇ ਗੁਰਸਿਖਾਂ ਨੂੰ ਐਸਾ ਮੰਨਣੋਂ ਵਰਜਦੇ ਹੋਏ ਇਸ ਪ੍ਰਕਾਰ ਦੀ ਸਖ਼ਤ ਤਾੜਨਾ ਕਰਦੇ ਹਨ :—

ਜੋ ਹਮ ਕੋ ਪਰਮੇਸਰ ਉਚਰਿ ਹੈਂ ॥ ਤੇ ਸਭ ਨਰਕਿ ਕੁੰਡ ਮਹਿ ਪਰਿ ਹੈਂ ॥੩੨॥

ਬਚਿਤ੍ਰ ਨਾਟਕ, ਅਧਿਆਇ ੬

ਤੇ ਸਪੱਸ਼ਟ ਤੌਰ ਨਿਜ ਤਾਈਂ ਗੁਰ ਦਸਮੇਸ਼ ਜੀ ਪਰਮ ਪੁਰਖ ਪਰਮੇਸ਼ਰ ਦਾ ਦਾਸ ਜਣਾਉਂਦੇ ਹਨ, ਯਥਾ—

ਮੋ ਕੋ ਦਾਸ ਤਵਨ ਕਾ ਜਾਨੋ ॥ ਯਾ ਮੈ ਭੇਦ ਨ ਰੰਚ ਪਛਾਨੋ ॥੩੨॥
ਮੈ ਹੋ ਪਰਮ ਪੁਰਖ ਕੋ ਦਾਸਾ ॥ ਦੇਖਨ ਆਯੋ ਜਗਤ ਤਮਾਸਾ ॥...੩੩॥

ਬਚਿਤ੍ਰ ਨਾਟਕ, ਅਧਿਆਇ ੬

ਤਾਂ ਤੇ ਇਸ ਪਿਛਲੇ ਸ੍ਰੀ ਗੁਰੂ ਦਸਮੇਸ਼ ਮੁਖਵਾਕ ਦੇ ਕਥਨ ਅਨੁਸਾਰ ਪਹਿਲੇ ਗੁਰਮਤਿ ਸਿਧਾਂਤ ਦਾ ਖੰਡਨ ਹੋ ਗਿਆ ਅਤੇ ਗੁਰੂ ਦੇ ਅਕਾਲ ਪੁਰਖ ਸਰੂਪ ਹੋਣ ਪ੍ਰਥਾਇ ਗੁਰਵਾਕਾਂ ਅੰਦਰਿ ਵਿਰੋਧ ਹੋ ਗਿਆ।

ਸੋ ਇਸ ਗੱਲ ਨੂੰ ਨਿਖੇੜ ਕੇ ਨਿਰਣਯ ਕਰਦੇ ਹਾਂ ਕਿ ਗੁਰਵਾਕਾਂ ਅੰਦਰਿ ਰੰਚਕ ਭੀ ਵਿਰੋਧ ਨਹੀਂ; ਵਿਰੋਧ ਹੈ ਤਾਂ ਗੁਰ-ਭਾਵ-ਵਿਚਾਰਕ ਅਸਾਡੀ ਬੁਧੀ ਅੰਦਰਿ ਹੈ। ਜਾਗਤ ਜੋਤਿ ਦਾ ਨੂਰ ਪਰਜੁਅਲਤੀ ਬੁੱਕਾ ਹੋਣ ਕਰਿ ਗੁਰੂ ਅਕਾਲ ਪੁਰਖ ਨਾਲ ਐਨ ਅਭੇਦ ਹੈ। ਅਕਾਲ ਪੁਰਖ ਦੇ ਜੋਤਿ-ਜਗਮਗੀ-ਸਰਬ-ਵਿਆਪਕ ਅਤੇ ਲਾ-ਮਹਿਦੂਦ-ਸਰੂਪ ਰੂਪੀ ਜੋਤਿ ਸਰਸ਼ਾਰ ਸਮੁੰਦਰ ਵਿਚੋਂ ਜੋਤਿ-ਪਰਜੁਅਲਤੀ-ਸੋਮਾ ਗੁਰੂ ਦੇ ਜਾਮੇ ਵਿਚ ਉਦੇ ਹੋਇ ਕੇ ਭਵ-ਭੂਮੀ ਵਿਖੇ ਪ੍ਰਗਟ ਹੋਇਆ ਅਤੇ ਗੁਰੂ-ਜੋਤਿ-ਜਾਮੇ ਅੰਦਰ ਪ੍ਰਗਟ ਹੋਇ ਕੇ ਭੀ ਲਾ-ਮੁਹੀਤ ਜੋਤਿ ਸਮੁੰਦਰ ਨਾਲ ਅਭੇਦ ਹੀ ਰਿਹਾ। ਅਥਾਹ ਜੋਤਿ-ਸਮੁੰਦਰ-ਸੋਮੇ ਤੇ ਨਿਕਸੀ ਜੋਤਿ-ਹੰਸਲੀ ਗੁਰ-ਜੋਤਿ ਜਾਮੇ ਰੂਪੀ ਤਾਲ-ਸਰੋਵਰ ਵਿਚ ਪੈ ਕੇ ਭੀ ਆਪਣੇ ਮੰਬਏ ਨਾਲ ਮਿਲੀ ਹੋਈ ਹੈ। ਮਾਨੋ ਗੁਰੂ ਜਾਮੇ ਰੂਪੀ ਮੁਹੀਤ ਜੋਤਿ, ਤਾਲ-ਸਰੋਵਰ ਅੰਦਰ ਲਾ-ਮੁਹੀਤ ਜੋਤਿ-ਸਮੁੰਦਰ, ਸੋਮੇ ਤੇ ਨਿਕਸੀ ਜੋਤਿ-ਹੰਸਲੀ ਦੁਆਰਾ ਠਾਠਾਂ ਮਾਰ ਕੇ ਆ ਵੜਿਆ ਤਾਂ ਦਸੋ ਭਿੰਨ-ਭੇਦ ਕੀ ਰਿਹਾ। ਇਸ ਬਿਧਿ ਤਾਂ ਗੁਰੂ ਅਕਾਲ ਪੁਰਖ ਨਾਲ ਪੂਰਨ ਅਭੇਦ ਹੈ ਅਤੇ ਅਕਾਲ ਪੁਰਖ ਦਾ ਸਰੂਪ ਹੀ ਹੈ।

ਨਿਰੰਕਾਰੀ ਜੋਤਿ ਕਰਕੇ ਤਾਂ ਗੁਰੂ ਅਕਾਲ ਪੁਰਖ ਨਾਲ ਪੂਰਨ ਅਭੇਦ ਅਤੇ ਇਕ ਰੂਪ ਹੈ, ਪਰੰਤੂ ਸਾਕਾਰੀ ਗੁਰੂ ਦਾ ਜਾਮਾ, ਜਿਸ ਅੰਦਰ ਕਿ ਇਹ ਜੋਤਿ, ਗੁਰੂ ਜੋਤਿ ਮਹਿਦੂਦ ਹੈ, ਨਿਰੰਕਾਰ ਅਕਾਲ ਪੁਰਖ ਤੋਂ ਭਿੰਨ ਹੈ। ਨਿਰੰਕਾਰ ਆਕਾਰ ਅੰਦਰ ਆ ਕੇ ਹੀ ਸੰਸਾਰ ਵਿਖੇ ਪ੍ਰਗਟ ਹੁੰਦੇ ਰਹੇ। ਭਰਮ-ਭੁਲੇ ਲੋਗ ਇਸ ਆਕਾਰ ਨੂੰ ਹੀ ਨਿਰੰਕਾਰ ਕਰਕੇ ਪੂਜਣ ਲਗ ਪਏ।

ਪਹਿਲੇ ਜੁਗਾਂ ਅੰਦਰਿ ਅਕਾਲ ਪੁਰਖ ਆਪਣੀ ਕਲਾ ਵਰਤਾਉਣ ਲਈ ਯਾ ਭਗਤ ਜਨਾਂ ਦੀਨਾਂ ਅਨਾਥਾਂ ਦੀ ਰਖਿਆ ਲਈ ਆਕਾਰ ਜਾਮਾ ਔਤਾਰਦੇ ਰਹੇ, ਪਰ ਤਿਨ੍ਹਾਂ ਅਵਤਰੇ ਅਵਤਾਰਾਂ ਨੇ ਅਕਾਲ ਪੁਰਖ ਦਾ ਨਾਮ



www.AKJ.Org

ਨਹੀਂ ਜਪਾਇਆ, ਜਿਸ ਦੀ ਕਿ ਜੋਤਿ-ਕਲਾ ਵਰਤਣ ਕਰਿ ਦੁਸ਼ਟਾਂ ਦਾ ਦਮਨ ਹੋਇਆ ਅਤੇ ਦੀਨ ਅਨਾਥ ਭਗਤਾਂ ਦੀ ਰਖਿਆ ਹੋਈ, ਪਰ ਉਲਟਾ ਆਪਣਾ ਨਾਮ ਹੀ ਤਿਨ੍ਹਾਂ ਨੇ ਲੋਗਾਂ ਪਾਸੋਂ ਜਪਾਇਆ ਅਤੇ ਭਰਮ-ਭੁਲੇ ਲੋਕਾਂ ਨੇ ਭੀ ਤਿਨ੍ਹਾਂ ਅਵਤਾਰਾਂ ਨੂੰ ਹੀ ਅਕਾਲ ਪੁਰਖ ਕਰਕੇ ਮੰਨ ਲਿਆ ਅਤੇ ਓਹਨਾਂ ਦੇ ਭਾ ਦਾ ਇਸ ਅਵਤਾਰ-ਆਕਾਰੀ ਸਰੂਪ ਤੋਂ ਭਿੰਨ, ਅਕਾਲ ਪੁਰਖ ਦਾ ਹੋਰ ਨਿਰੰਕਾਰੀ ਰੂਪ ਹੀ ਨਾ ਕੁਛ ਰਿਹਾ।

ਏਸੇ ਇੱਲਤ ਤੋਂ ਲੋਕਾਂ ਨੂੰ ਬਚਾਉਣ ਲਈ ਸਿਰੀ ਦਸਮੇਸ਼ ਜੀ ਨੇ ਤਾੜਨਾ ਸਹਿਤ ਉਪਰਲੇ ਬਚਨ ਉਚਾਰੇ, ਮਤੇ ਲੋਗ ਅਗੇ ਵਾਂਗੂ ਇਸ ਸਰੀਰ ਆਕਾਰ ਨੂੰ ਹੀ ਰੱਬ ਮੰਨਣ ਦੇ ਕੁਫ਼ਰ ਵਿਚ ਪੈ ਜਾਣ। ਗੁਰੂ-ਜਾਮੇ ਵਾਲੇ ਸਰੀਰ ਆਕਾਰ ਨੂੰ, ਜੋ ਕਿ ਕਾਲ ਚੱਕਰ ਅੰਦਰ ਓੜਕ ਬਿਨਾਸਮਾਨ ਹੈ, ਏਸ ਨੂੰ ਹੀ ਪਰਮੇਸ਼ਰ ਕਰਕੇ ਜਾਣ ਬੈਠਣਾ ਨਾ ਸਿਰਫ਼ ਕੁਫ਼ਰ ਹੈ ਬਲਕਿ ਨਰਕ ਕੁੰਡ ਵਿਚਿ ਪੈਣ ਦਾ ਕੁਦਾਉ ਕੁਢੰਗ ਹੈ।

ਸਿਰੀ ਦਸਮੇਸ਼ ਜੀ ਨੇ ਪਹਿਲਾਂ ਆਪਣੇ ਆਪ ਤਾਈਂ ਪਰਮੇਸ਼ਰ ਮੰਨੇ ਜਾਣ ਦੀ ਮਨੌਤੀ ਤੇ ਲੋਕਾਂ ਨੂੰ ਵੰਗਾਰ ਕੇ ਵਰਜਿਆ ਅਤੇ ਫੇਰ ਅਵਤਾਰਾਂ ਪ੍ਰਤੀ ਭੀ ਇਹੋ ਕੁਛ ਉਚਾਰਿਆ ਕਿ ਉਹ ਸਭ ਕਾਲ ਚੱਕਰ ਅੰਦਰ ਹਨ। ਬਿਨਾਸਮਾਨ ਸਰੀਰ ਆਕਾਰ ਨੂੰ ਅਬਿਨਾਸ਼ੀ ਪੁਰਖ ਕਰਕੇ ਮੰਨਣਾ ਮਹਾਂ ਮਨਮਤਿ ਹੈ। ਅਵਤਾਰਾਂ ਨੂੰ ਪਰਮੇਸ਼ਰ ਮੰਨਣ ਵਾਲੀ ਬੀਮਾਰੀ ਤੋਂ ਲੋਕਾਂ ਨੂੰ ਬਚਾਉਣ ਲਈ ਸਿਰੀ ਕਲਗੀਧਰ ਜੀ ਮਹਾਰਾਜ ਨੇ ਬੜੇ ਜ਼ੋਰ ਨਾਲ ਇਸ ਪ੍ਰਕਾਰ ਦਾ ਉਪਦੇਸ਼ ਦ੍ਰਿੜ੍ਹਾਇਆ :—

ਜਿਤੇ ਰਾਮ ਹੂਏ ॥ ਸਭੇ ਅੰਤ ਮੂਏ ॥ ਜਿਤੇ ਕ੍ਰਿਸਨ ਹ੍ਵੈ ਹੈਂ ॥ ਸਭੈ ਅੰਤ ਜੈ ਹੈਂ ॥੭੦॥
ਜਿਤੇ ਦੇਵ ਹੋਸੀ ॥ ਸਭੈ ਅੰਤ ਜਾਸੀ ॥ ਜਿਤੇ ਬੋਧ ਹ੍ਵੈ ਹੈਂ ॥ ਸਭੈ ਅੰਤ ਛੈ ਹੈਂ ॥੭੧॥
ਜਿਤੇ ਦੇਵ ਰਾਯੰ ॥ ਸਭੈ ਅੰਤ ਜਾਯੰ ॥ ਜਿਤੇ ਦਈਤੇ ਏਸੰ ॥ ਤਿਤਿਓ ਕਾਲ ਲੇਸੰ ॥੭੨॥
ਨਰਸਿੰਘਾ ਅਵਤਾਰੰ ॥ ਵਹੇ ਕਾਲ ਮਾਰੰ ॥ ਬਡੇ ਡੰਡ ਧਾਰੀ ॥ ਹਣਿਓ ਕਾਲ ਭਾਰੀ ॥੭੩॥
ਦਿਜੈ ਬਾਵਨੇਅੰ ॥ ਹਣਿਓ ਕਾਲ ਤੇਯੰ ॥ ਮਹਾਂ ਮਛ ਮੁੰਡੰ ॥ ਫਸਿਓ ਕਾਲ ਤੁੰਡੰ ॥੭੪॥
ਜਿਤੇ ਹੋਇ ਬੀਤੇ ॥ ਤਿਤੇ ਕਾਲ ਜੀਤੇ ॥ ਜਿਤੇ ਸਰਨ ਜੈ ਹੈਂ ॥ ਤਿਤਿਓ ਰਾਖ ਲੈ ਹੈਂ ॥੭੫॥

ਬਚਿਤ੍ਰ ਨਾਟਕ, ਅਧਿਆਇ ੧

ਤਥਾ ਸਵੈਯਾ:—

ਕਾਲ ਹੀ ਪਾਇ ਭਯੋ ਭਗਵਾਨ ਸੁ ਜਾਗਤ ਯਾ ਜਗ ਜਾ ਕੀ ਕਲਾ ਹੈ ॥
ਕਾਲ ਹੀ ਪਾਇ ਭਯੋ ਬ੍ਰਹਮਾ ਸਿਵ ਕਾਲ ਹੀ ਪਾਇ ਭਯੋ ਜੁਗੀਆ ਹੈ ॥
ਕਾਲ ਹੀ ਪਾਇ ਸੁਰਾਸੁਰ ਗੰਧ੍ਰਬ ਜੱਛ ਭੁਜੰਗ ਦਿਸਾ ਬਿਦਿਸਾ ਹੈ ॥
ਔਰ ਸੁ ਕਾਲ ਸਭੈ ਬਸ ਕਾਲ ਕੇ ਏਕ ਹੀ ਕਾਲ ਅਕਾਲ ਸਦਾ ਹੈ ॥੮੪॥

ਬਚਿਤ੍ਰ ਨਾਟਕ, ਅਧਿਆਇ ੧

ਬਿਨਾਸਮਾਨ ਸਰੀਰ ਰੂਪੀ ਅਕਾਰ ਜਾਮੇ ਅੰਦਰ ਅਵਤਰੀ ਪਰਮਾਤਮ ਜੋਤਿ ਕਲਾ ਨੇ ਕਲਾ-ਕ੍ਰਿਸ਼ਮੀ-ਕਉਤਕ ਵਰਤਾਏ। ਇਹ ਸਭ ਅਕਾਲ ਪੁਰਖ ਦੀ ਅਗਾਧ ਸ਼ਕਤੀ ਤੇ ਚਮਤਕਾਰ ਹਨ, ਪਰੰਤੂ ਆਮ ਸੰਸਾਰੀਆਂ ਪ੍ਰਤੀ ਇਹ ਸ਼ਾਕਾਰੀ ਅਵਤਾਰ-ਜਾਮਿਆਂ ਦੇ ਹੀ ਕਾਰਨਾਮੇ ਪ੍ਰਤੀਤ ਹੁੰਦੇ ਸਨ, ਇਸ ਕਰਕੇ ਉਹ ਅਵਤਾਰਾਂ ਦੀ ਪੂਜਾ ਪ੍ਰਤਿਸ਼ਟਾ ਵਿਚ ਪ੍ਰਵਿਰਤ ਹੋ ਗਏ।

ਇਸ ਵਿਚ ਸੰਦੇਹ ਨਹੀਂ ਕਿ ਅਵਤਾਰਾਂ ਦੇ ਜੋਤਿ-ਕ੍ਰਿਸ਼ਮੀ-ਆਕਾਰ-ਜਾਮੇ ਭੀ ਨਿਰੰਕਾਰੀ ਜੋਤਿ ਪ੍ਰਤਿਬਿੰਬਤ ਹੋਣ ਕਰਿ, ਪਾਕ ਪੁਨੀਤ ਅਤੇ ਪ੍ਰਤਿਸ਼ਟਾ ਯੋਗ ਸਨ, ਪਰੰਤੂ ਓਹਨਾਂ ਨੂੰ ਨਿਰੰਕਾਰ ਦੀ ਅਕਾਲ ਮੂਰਤੀ ਸਮਝ ਕੇ, ਪੂਜਣਾ ਮਹਾਂ ਅਗਿਆਨ ਸੀ, ਜੋ ਸੰਸਾਰੀ ਜੀਵਾਂ ਨੂੰ ਕਲਿਆਣ-ਕਾਰੀ ਮਾਰਗ ਤੋਂ ਕੁਮਾਰਗ ਪਾਉਣ ਵਾਲਾ ਸੀ। ਤਿਨ੍ਹਾਂ ਕੁਮਾਰਗੀ ਅਗਿਆਨ ਗੁਠੇ ਜੰਤਾਂ ਲਈ ਜਨਮ ਮਰਨ ਤੋਂ ਰਹਿਤ ਕਰਾਉਣ ਦੀ ਹੋਂਦ-ਹਸਤੀ ਦਾ ਅਨੁਮਾਨ ਹੀ ਰਹਿ ਖੜੋਤਾ ਸੀ। ਉਹਨਾਂ ਦੇ ਅਨਮਾਨ ਵਿਚ ਅਵਤਾਰ-ਜਾਮਿਆਂ ਦੇ ਸਰੀਰ ਆਕਾਰ ਜਦੋਂ ਬਿਨਾਸਮਾਨ


www.AKJ.Org

# ਗੁਰੂ ਕਲਗੀਧਰ ਜੀ ਰਿਵਾਲਸਰ-ਕੰਢੇ

[ਪ੍ਰੋਫ਼ੈਸਰ ਪਿਆਰਾ ਸਿੰਘ ਜੀ 'ਪਦਮ']

ਜਿਵੇਂ ਸੂਰਜ ਦਾ ਚੱਕਰ ਮੌਸਮ ਵਿਚ ਤਬਦੀਲੀ ਲਿਆ ਕੇ ਵਾਯੂ ਮੰਡਲ ਤੇ ਬਨਾਸਪਤੀ ਵਿਚ ਭਾਰੀ ਪਲਟਾ ਲੈ ਆਉਂਦਾ ਹੈ, ਇਸੇ ਤਰ੍ਹਾਂ ਦੁਨੀਆ ਦੇ ਮਹਾਂਪੁਰਸ਼ ਸੜੇ ਬੁਸੇ ਪੁਰਾਣੇ ਜੰਗਲਾਂ ਨੂੰ ਦੂਰ ਕਰਕੇ ਮਨੁੱਖੀ ਸਮਾਜ ਵਿਚ ਅਜਿਹੇ ਬਸੰਤੀ ਇਨਕਲਾਬ ਲਿਆਉਂਦੇ ਹਨ ਕਿ ਸਮੁਚੀ ਜ਼ਿੰਦਗੀ ਪ੍ਰਫੁਲਤ ਹੋ ਉਠਦੀ ਹੈ ਅਤੇ ਸੰਸਾਰ ਦੇ ਜੀਵਨ ਵਿਚ ਰੌਣਕ ਪੈਦਾ ਹੋ ਜਾਂਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਜਿਹੇ ਹੀ ਇਨਕਲਾਬੀ ਮਹਾਂਪੁਰਸ਼ ਸਨ ਜਿਨ੍ਹਾਂ ਨੇ ਸਾਰਾ ਪੁਰਾਣਾ ਧਾਰਮਿਕ ਤੇ ਸਮਾਜਕ ਢਾਂਚਾ ਬਦਲ ਕੇ ਮਨੁਖਤਾ ਨੂੰ ਨਵੇਂ ਸ਼ਾਹਰਾਹ ਉਤੇ ਪਾਇਆ। ਆਮ ਤੌਰ ਤੇ ਦੁਨੀਆ ਦੇ ਮਹਾਂਪੁਰਸ਼ ਕੇਵਲ ਪਰਮਾਰਥਕ ਸੰਦੇਸ਼ ਤੇ ਹੀ ਜ਼ੋਰ ਦਿੰਦੇ ਰਹੇ ਹਨ, ਲੇਕਿਨ ਇਸ ਪਰਮਾਰਥ ਨੂੰ ਸੰਸਾਰ ਤੇ ਕਿਸ ਤਰ੍ਹਾਂ ਬਲਵਾਨ ਬਣਾ ਕੇ ਚਾਲੂ ਰਖਿਆ ਜਾ ਸਕਦਾ ਹੈ, ਇਸ ਦੀਆਂ ਅਮਲੀ ਵਿਉਂਤਾਂ ਗੁਰੂ ਦਸਮੇਸ਼ ਜੀ ਨੇ ਹੀ ਵਰਤੋਂ ਵਿਚ ਲਿਆਂਦੀਆਂ ਹਨ। ਮਿ: ਕਨਿੰਘਮ ਦੇ ਸ਼ਬਦਾਂ ਵਿਚ 'ਮੁਰਦਾ, ਨਿਤਾਣੇ ਅਤੇ ਸਦੀਆਂ ਦੇ ਗੁਲਾਮ ਲੋਕਾਂ ਨੂੰ ਸਰਦਾਰ ਬਣਾਉਣ ਦਾ ਸਿਹਰਾ ਉਨ੍ਹਾਂ ਦੇ ਸਿਰ ਹੀ ਸਜਦਾ ਹੈ।'

ਪਰ ਧਰਮ ਦੀ ਨਵੀਂ ਇਮਾਰਤ ਤਿਆਰ ਕਰਨ ਤੋਂ ਪਹਿਲਾਂ ਉਨ੍ਹਾਂ ਨੇ ਦੇਸ਼ ਦੀਆਂ ਸਮੂਹ ਧਾਰਮਿਕ ਸੰਸਥਾਵਾਂ ਤੇ ਉਨ੍ਹਾਂ ਦੇ ਆਗੂਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਉਹ ਵਡੇ ਵਡੇ ਤੀਰਥਾਂ ਉਤੇ ਗਏ, ਸਿਆਣੇ-ਪਰਹੋਤਾਂ ਬ੍ਰਾਹਮਣਾਂ ਨੂੰ ਮਿਲੇ ਤੇ ਕਈ ਸੰਨਿਆਸੀ ਤੇ ਜੋਗੀਆਂ ਨਾਥਾਂ ਨਾਲ ਵੀ ਚਰਚਾ ਕੀਤੀ, ਲੇਕਿਨ ਕਿਤੇ ਉਨ੍ਹਾਂ ਦੀ ਤਸੱਲੀ ਨਾ ਹੋਈ। ਕਿਉਂਕਿ ਪਰਮਾਰਥ ਦੀ ਅਸਲ ਰੂਹ ਸਭ ਥਾਂ ਗਾਇਬ ਸੀ। ਇਤਿਹਾਸ ਤੋਂ ਸਾਨੂੰ ਪਤਾ ਲਗਦਾ ਹੈ ਕਿ ਉਹ ਕੁਰਖੇਤਰ, ਕਪਾਲ-ਮੋਚਨ, ਪੁਰਮੰਡਲ, ਹਰਿਦੁਆਰ ਤੇ ਕਾਸ਼ੀ ਆਦਿ ਥਾਵਾਂ ਦੇ

---

✿ਹੋ ਜਾਂਦੇ ਸਨ ਤਾਂ ਨਿਰੰਕਾਰੀ ਦੀ ਹਸਤੀ ਅਲੋਪ ਹੋ ਜਾਂਦੀ ਸੀ, ਅੰਧਕਾਰ ਛਾ ਜਾਂਦੀ ਸੀ। ਜਦੋਂ ਅਵਤਾਰ-ਜਾਮਾ ਜਨਮ ਲੈਂਦਾ ਸੀ ਤਾਂ ਉਹ ਇਸ ਜਾਮੇ ਰੁਪੀ ਅਕਾਰ ਅੰਦਰ ਹੀ ਨਿਰੰਕਾਰ ਅਕਾਲ ਪੁਰਖ ਦੀ ਹਸਤੀ ਨੂੰ ਮਹਿਦੂਦ ਸਮਝ ਲੈਂਦੇ ਸਨ। ਮਾਨੋ ਉਨ੍ਹਾਂ ਦੇ ਭਾ ਦਾ ਸਾਰਾ ਬ੍ਰਹਿਮੰਡ ਅਕਾਲ ਪੁਰਖ ਦੀ ਸੱਤਾ-ਸਰਬ-ਵਿਆਪਕਤਾ ਤੋਂ ਖ਼ਾਲੀ ਹੋ ਜਾਂਦਾ ਸੀ ਅਤੇ ਬਣਿਆ ਬਣਾਤਾ ਸਮੁੱਚਾ ਪਰੀਪੂਰਨ ਪਰਮੇਸ਼ਰ ਏਸੇ ਅਕਾਰ-ਜਾਮੇ ਅੰਦਰ ਆਣ ਵਰਤਦਾ ਸੀ। ਹੋਰ ਸਾਰੇ ਬ੍ਰਹਿਮੰਡ ਖੰਡ ਪਰਮੇਸ਼ਰ ਖੁਣੋਂ ਖ਼ਾਲੀ ਅਤੇ ਪਰਮਾਤਮਾ ਦੀ ਸੱਤਾ ਤੋਂ ਸੂਨ ਰਹਿ ਜਾਂਦੇ ਸੀ। ਪਰਮਾਤਮਾ ਦੀ ਜੋਤਿ-ਜਲਵ-ਸੱਤਾ ਉਨ੍ਹਾਂ ਦੇ ਭਾ ਦੀ ਸਮੁੱਚੀ ਹੀ ਇਸ ਜਾਮੇ ਅੰਦਰ ਆਣ ਹਲੂਲ ਕਰਦੀ ਸੀ। ਇਹ ਕਿਤਨਾ ਭਾਰੀ ਅਗਿਆਨ ਸੀ।

ਇਸ ਅਗਿਆਨ ਭਰਮ ਗੜ੍ਹ ਨੂੰ ਅਸਾਡੇ ਸਤਿਗੁਰੂ ਸਾਹਿਬਾਨ ਨੇ ਹੀ ਤੋੜਿਆ ਅਤੇ ਅਸਾਨੂੰ ਗੁਰਸਿਖਾਂ ਨੂੰ ਸੱਚਾ ਗਿਆਨ ਪ੍ਰਦਾਨ ਕੀਤਾ ਕਿ ਜੋਤੀ ਸਰੂਪ ਸਰਬ ਸ਼ਕਤੀਮਾਨ ਸਰਬ ਵਿਆਪਕ ਅਕਾਲ ਪੁਰਖ ਦੀ ਜੋਤਿ ਗੁਰੂ-ਜਾਮੇ ਅੰਦਰ ਆਪਣੀ ਪੂਰਨ ਜਲਵ-ਜੋਤੀਸ਼-ਕਲਾ ਅੰਦਰ ਜਲਵਾਗਰ ਹੁੰਦੀ ਹੋਈ ਭੀ ਸਾਰੇ ਖੰਡਾਂ ਬ੍ਰਹਿਮੰਡਾਂ ਵਿਖੇ ਬਿਰਾਜਮਾਨ ਅਤੇ ਪਰੀਪੂਰਨ ਰਹਿੰਦੀ ਹੈ। ਆਨ ਅਵਤਾਰ-ਜਾਮਿਆਂ ਅੰਦਰ ਭੀ ਜਦੋਂ ਜਲਵਾ-ਅਫ਼ਰੋਜ਼ (ਸੁਭਾਇਮਾਨ) ਹੋਈ ਤਾਂ ਕੇਵਲ ਓਥੇ ਓਹਨਾਂ ਜਾਮਿਆਂ ਅੰਦਰ ਹੀ ਮਹਿਦੂਦ ਅਤੇ ਮੁਕੀਯਦ (ਸੀਮਤ) ਨਹੀਂ ਰਹੀ ਅਤੇ ਤਿਨ੍ਹਾਂ ਅਵਤਾਰ-ਜਾਮਿਆਂ ਦੇ ਬਿਨਾਸ ਹੋਣ ਨਾਲ ਬਿਨਾਸ ਨਹੀਂ ਹੁੰਦੀ ਰਹੀ, ਸਗੋਂ ਏਹਨਾਂ ਅਵਤਾਰ-ਜਾਮਿਆਂ ਦੁਆਰਾ ਲੋੜ ਅਤੇ ਸਮੇਂ ਅਨੁਸਾਰ ਆਪਣੀ ਕਲਾ ਵਰਤਾ ਕੇ ਭਗਤ ਜਨਾਂ ਦੀ ਰਖਿਆ ਦਾ ਬਾਨ੍ਹਣੂ ਬੰਨ੍ਹਦੀ ਰਹੀ ਅਤੇ ਦੁਸ਼ਟਾਂ ਦਾ ਦਮਨ ਕਰਦੀ ਰਹੀ, ਜੈਸਾ ਕਿ—

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥

ਆਸਾ ਮ: ੪, ਪੰਨਾ ੪੫੧

ਵਾਲੇ ਗੁਰਵਾਕ ਦੇ ਉਦਾਹਰਣੀ ਪ੍ਰਮਾਣ ਤੋਂ ਸਪੱਸ਼ਟ ਹੈ।

- 'ਗੁਰਮਤਿ ਲੇਖ' ਪੁਸਤਕ ਵਿਚੋਂ



www.AKJ.Org

ਵਿਦਵਾਨ ਪੰਡਤਾਂ ਨੂੰ ਮਿਲ ਚੁਕੇ ਸਨ, ਪਰ ਸਚੀ ਧਾਰਮਿਕਤਾ ਦਾ ਅਭਾਵ ਉਨ੍ਹਾਂ ਨੂੰ ਖਟਕਦਾ ਸੀ ।

ਇਸੇ ਕੌੜੇ ਸੱਚ ਦਾ ਬਿਆਨ ਆਪ ਨੇ ਸਵੱਈਆਂ ਦੇ ਮੁੱਢ ਵਿਚ ਕੀਤਾ ਹੈ :—

ਸ੍ਰਾਵਗ ਸੁੱਧ ਸਮੂਹ ਸਿਧਾਨ ਕੇ, ਦੇਖਿ ਫਿਰਿਓ ਘਰ ਜੋਗ ਜਤੀ ਕੇ ।
ਸੂਰ ਸੁਰਾਰਦਨ ਸੁੱਧ ਸੁਧਾਦਿਕ, ਸੰਤ ਸਮੂਹ ਅਨੇਕ ਮਤੀ ਕੇ ।
ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ, ਕੋਊ ਨ ਦੇਖੀਅਤ ਪ੍ਰਾਨ ਪਤੀ ਕੇ ।
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ, ਏਕ ਰਤੀ ਬਿਨੁ ਏਕ ਰਤੀ ਕੇ ।੧।

ਇਸ ਤਰ੍ਹਾਂ ਉਹਨਾਂ ਉਸ ਸਮੇਂ ਦੇ ਰਾਜ ਦੇ ਆਗੂਆਂ ਨਾਲ ਵੀ ਸਲਾਹ ਮਸ਼ਵਰਾ ਕੀਤਾ, ਪਹਾੜੀ ਰਾਜੇ ਗੁਆਂਢੀ ਹੋਣ ਨਾਤੇ ਵਧੇਰੇ ਨੇੜੇ ਸਨ । ਇਸ ਲਈ ਉਹ ਪਾਉਂਟੇ ਸਾਹਿਬ ਵਲ ਗਏ, ਜੰਮੂ ਲਾਗੇ ਪੁਰਮੰਡਲ ਪਹੁੰਚੇ ਤੇ ਇਸੇ ਲੜੀ ਵਿਚ ਰਿਵਾਲਸਰ ਦਾ ਇਤਿਹਾਸਕ ਦੌਰਾ ਇਕ ਖ਼ਾਸ ਵਿਸ਼ੇਸ਼ਤਾ ਰਖਦਾ ਹੈ ।

## *ਰਿਵਾਲਸਰ—*

ਰਿਵਾਲਸਰ ਬੜਾ ਹੀ ਰਮਣੀਕ ਪੁਰਾਤਨ ਤੀਰਥ ਹੈ । ਜਿਥੇ ਇਕ ਬੜੀ ਸੁੰਦਰ ਝੀਲ ਹੈ ਤੇ ਇਸ ਝੀਲ ਵਿਚ ਨਿਕੇ ਨਿਕੇ ਟਾਪੂ ਤਰਦੇ ਇਸ ਨਜ਼ਾਰੇ ਨੂੰ ਹੋਰ ਵੀ ਆਕਰਸ਼ਕ ਤੇ ਮਨ-ਮੋਹਣਾ ਬਣਾਉਂਦੇ ਹਨ । ਆਲੇ ਦੁਆਲੇ ਭਾਵੇਂ ਸੁੰਨਸਾਨ ਰੁਖੀਆਂ ਪਹਾੜੀਆਂ ਹਨ, ਪਰ ਰਿਵਾਲ-ਸਰ ਦਾ ਨਿਰਮਲ ਜਲ ਸਾਰੇ ਵਾਤਾਵਰਣ ਨੂੰ ਸ਼ਾਂਤ ਕਰਨ ਵਾਲਾ ਹੈ । ਇਸ ਝੀਲ ਦੇ ਕੰਢੇ ਉਤੇ ਪੁਰਾਣਾ ਸ਼ਿਵ ਮੰਦਰ ਅਤੇ ਬੋਧੀਆਂ ਦਾ ਧਰਮ ਮੰਦਰ ਇਸ ਗੱਲ ਦੀ ਗਵਾਹੀ ਹੈ ਕਿ ਇਹ ਥਾਂ ਬਹੁਤ ਚਿਰ ਤੋਂ ਰਿਸ਼ੀਆਂ ਮੁਨੀਆਂ ਤੇ ਸਾਧਾਂ ਸੰਤਾਂ ਦੀ ਤਪੋ ਭੂਮੀ ਰਹੀ ਹੈ । ਇਸ ਕਰਕੇ ਆਲੇ ਦੁਆਲੇ ਦੇ ਤਮਾਮ ਪਹਾੜੀ ਲੋਕ ਵਿਸਾਖੀ ਦੇ ਮੌਕੇ ਉਤੇ ਇਥੇ ਸਾਲਾਨਾ ਜੋੜ ਮੇਲਾ ਕਰਦੇ ਆਏ ਹਨ ।

ਗੁਰੂ ਗੋਬਿੰਦ ਸਿੰਘ ਜੀ ਦਰਿਆਵਾਂ, ਨਦੀਆਂ ਤੇ ਝੀਲਾਂ ਦੇ ਸ਼ੌਕੀਨ ਸਨ । ਉਨ੍ਹਾਂ ਦਾ ਜਨਮ ਗੰਗਾ ਕਿਨਾਰੇ ਹੋਇਆ, ਜੁਆਨੀ ਦੀਆਂ ਅਠ-ਖੇਲ੍ਹੀਆਂ ਜਮਨਾ ਕਿਨਾਰੇ ਖੇਲ੍ਹੀਆਂ ਤੇ ਜੀਵਨ ਦਾ ਕ੍ਰਾਂਤੀਕਾਰੀ ਨਾਟਕ ਸਤਲੁਜ ਕੰਢੇ ਕੀਤਾ ਤੇ ਫਿਰ ਉਹ ਨਾਟਕ ਦੀ ਅੰਤਮ ਝਾਕੀ ਗੋਦਾਵਰੀ ਕੰਢੇ ਵਿਖਾ ਕੇ ਇਸ ਸੰਸਾਰ ਤੋਂ ਅਲੋਪ ਹੋ ਗਏ ।

### (੧) ਰਾਜਪੂਤ ਸਮੇਲਨ :—

ਅਨੰਦਪੁਰ ਵਿਖੇ ਗੁਰੂ ਜੀ ਨੂੰ ਇਹ ਪਤਾ ਲਗਾ ਕਿ ਰਿਵਾਲਸਰ ਸਾਰਾ ਇਲਾਕਾ ਇਕੱਠਾ ਹੁੰਦਾ ਹੈ ਤੇ ਰਾਜੇ ਰਾਣੇ ਵੀ ਉਥੇ ਪਧਾਰਦੇ ਹਨ । ਨਦੌਣ ਦੇ ਜੰਗ ਤੋਂ ਬਾਅਦ ਗੁਰੂ ਸਾਹਿਬ ਦੀ ਪ੍ਰਭੁਤਾ ਦਾ ਨਗਾਰਾ ਥਾਂ ਥਾਂ ਗੂੰਜ ਉਠਿਆ ਸੀ ਤੇ ਪਹਾੜੀਆਂ ਦਾ ਵਜ਼ੀਰ ਪਰਮਾਨੰਦ ਵੀ ਚਾਹੁੰਦਾ ਸੀ ਕਿ ਸਾਰੇ ਰਾਜੇ ਗੁਰੂ ਜੀ ਦੇ ਝੰਡੇ ਹੇਠ ਇਕੱਠੇ ਹੋਣ । ਇਸ ਕਰਕੇ ਉਨ੍ਹਾਂ ੧੭੪੭ ਬਿ: ਦੀ ਵਿਸਾਖੀ ਨੂੰ ਉਥੇ ਜਾਣ ਦਾ ਪ੍ਰੋਗਰਾਮ ਬਣਾਇਆ ਤੇ ਆਪਣੇ ਚੋਣਵੇਂ ਬੀਰ ਸਿਖਾਂ ਸਮੇਤ ਵਿਸਾਖੀ ਤੋਂ ਇਕ ਦਿਨ ਪਹਿਲਾਂ ਹੀ ਉਥੇ ਪਹੁੰਚ ਗਏ । ਸਤਿਗੁਰਾਂ ਲਈ ਬੜਾ ਵਧੀਆ ਜ਼ਰੀਦਾਰ ਵਿਸ਼ਾਲ ਤੰਬੂ ਲਗਾਇਆ ਗਿਆ ਤੇ ਸੁੰਦਰ ਮਖਮਲੀ ਫਰਸ਼ ਵਿਛਾਇਆ ਗਿਆ, ਜਿਸ ਦੀ ਸ਼ਾਨ ਵੇਖਣ ਹੀ ਵਾਲੀ ਸੀ । ਗੁਰੂ ਸਾਹਿਬ ਦੇ ਸਿਖ ਵੀ ਸੋਹਣੇ ਸ਼ਸਤ੍ਰਾਂ ਬਸਤ੍ਰਾਂ ਨਾਲ ਸ਼ਿੰਗਾਰੇ ਹੋਏ ਸਨ ਤੇ ਠਾਠ ਬਾਠ ਬਹੁਤ ਪ੍ਰਭਾਵਸ਼ਾਲੀ ਸੀ । ਸਤਿਗੁਰੂ ਜੀ ਸਿੰਘਾਸਣ ਤੇ ਬਿਰਾਜਮਾਨ ਸਨ, ਤਮਾਮ ਪਹਾੜੀ ਲੋਕਾਂ ਲਈ ਇਹ ਗੁਰੂ ਦਰਬਾਰ ਖਿਚ ਦਾ ਕੇਂਦਰ ਬਣਿਆ ਹੋਇਆ ਸੀ ।

ਇਸ ਤੋਂ ਵਡੀ ਗੱਲ, ਜੋ ਆਮ ਲੋਕਾਂ ਨੂੰ ਹੈਰਾਨ ਕਰ ਰਹੀ ਸੀ, ਉਹ ਇਹ ਕਿ ਤਮਾਮ ਰਾਜੇ ਰਾਣੇ ਵੀ ਗੁਰੂ ਸਾਹਿਬ ਨੂੰ ਮਿਲਣ ਲਈ ਵਹੀਰਾਂ ਘਤ ਕੇ ਆ ਰਹੇ ਸਨ । ਕੁਝ ਰਾਜੇ ਅਜਿਹੇ ਵੀ ਸਨ ਜਿਨ੍ਹਾਂ ਪਿਛਲਿਆਂ ਦਿਨਾਂ ਵਿਚ ਗੁਰੂ ਸਾਹਿਬ ਦਾ ਵਿਰੋਧ ਕੀਤਾ ਸੀ, ਲੇਕਿਨ ਨਦੌਣ ਦੇ ਯੁਧ ਸਮੇਂ ਗੁਰੂ ਸਾਹਿਬ ਨੇ ਜੋ ਸਭ ਦੀ ਮਦਦ ਕਰ ਕੇ ਪਹਾੜੀਆਂ ਦੀ ਪੱਤ ਬਚਾਈ, ਉਸ ਦਾ ਆਮ ਲੋਕਾਂ ਉਤੇ ਡੂੰਘਾ ਪ੍ਰਭਾਵ ਸੀ । ਇਸ ਕਰਕੇ ਪਿਛਲੀਆਂ ਗੱਲਾਂ ਭੁਲ ਭੁਲਾ ਕੇ ਇਥੇ ਸਾਰੇ ਰਾਣੇ ਇਕੱਤਰ ਹੋਏ । ਕਹਿਲੂਰੀਆ ਭੀਮ ਚੰਦ, ਹੰਡੂਰੀਆ ਭੂਪ ਚੰਦ,



www.AKJ.Org

ਜਸਪਾਲੀਆ ਬੀਰ ਸਿੰਘ, ਕਾਮਗੜ੍ਹੀਆ ਘੁਮੰਡ ਚੰਦ, ਡਢਵਾਲੀਆ ਪ੍ਰਿਥਵੀ ਚੰਦ, ਸਿਰੀਨਗਰੀਆ, ਚੰਬਿਆਲੀਆ, ਨਦੌਣੀਆ, ਬੁਸ਼ਹਰਵੀਆ, ਮੰਡੀ ਵਾਲਾ, ਸੁਕੇਤ ਵਾਲਾ, ਕੁੱਲੂ ਵਾਲਾ, ਕੈਠਲੀਆ ਆਦਿਕ ਸਾਰੇ ਰਾਜੇ ਹਾਜ਼ਰ ਹੋਏ।

ਸਤਿਗੁਰਾਂ ਸਭਨਾਂ ਅਗੇ ਦੇਸ਼ ਦੀ ਸਮੱਸਿਆ ਰਖੀ ਕਿ ਕਿਸ ਤਰ੍ਹਾਂ ਏਕਤਾ ਤੇ ਮੇਲ ਜੋਲ ਦੀ ਘਾਟ ਕਾਰਨ ਮਲੇਛਾਂ ਦਾ ਜ਼ੋਰ ਵਧ ਰਿਹਾ ਹੈ ਤੇ ਉਹ ਹਰ ਤਰ੍ਹਾਂ ਭਾਰਤੀ ਧਰਮ ਤੇ ਸੰਸਕ੍ਰਿਤੀ ਦਾ ਸਰਬਨਾਸ਼ ਕਰ ਰਹੇ ਹਨ। ਏਸ ਲਈ ਸੰਗਠਨ ਦੀ ਲੋੜ ਹੈ, ਪਰਸਪਰ ਪਿਆਰ ਦੀ ਜ਼ਰੂਰਤ ਹੈ, ਤਾਂ ਹੀ ਅਸੀਂ ਜਾਬਰਾਂ ਦਾ ਟਾਕਰਾ ਕਰ ਸਕਦੇ ਹਾਂ। ਆਓ, ਅਸੀਂ ਸਾਰੇ ਇਕ ਅਕਾਲ ਦਾ ਆਸਰਾ ਲੈ ਕੇ ਇਕ ਥਾਂ ਜੁੜੀਏ, ਆਪਣੀ ਧਾਰਮਿਕ ਭਾਵਨਾ ਸਾਂਝੀ ਕਰੀਏ ਤੇ ਸੰਗਤ ਤੇ ਪੰਗਤ ਨੂੰ ਸਾਂਝਿਆਂ ਕਰੀਏ।

ਗੁਰੂ ਸਾਹਿਬ ਆਪਣੀ ਗੱਲ ਆਖ ਚੁਕੇ ਤਾਂ ਰਾਜਿਆਂ ਦੇ ਨਾਲ ਆਏ ਵਜ਼ੀਰਾਂ, ਦੀਵਾਨਾਂ ਤੇ ਕੁਲ-ਪਰੋਹਤਾਂ ਇਸ ਬਾਰੇ ਕਾਫ਼ੀ ਵਿਚਾਰ ਕੀਤੀ ਤੇ ਉਹ ਇਸ ਸਿਟੇ ਉਤੇ ਪੁਜੇ ਕਿ ਦੇਵੀ ਦੇਵਤਿਆਂ ਦੀ ਪੂਜਾ ਨੂੰ ਨਹੀਂ ਛਡਿਆ ਜਾ ਸਕਦਾ ਤੇ ਨਾ ਹੀ ਛੋਟੀ ਜਾਤੀ ਦੇ ਕੰਮੀ ਕਮੀਣਾਂ ਨੂੰ ਬੀਰ ਛਤ੍ਰੀ ਕੁਲ ਨਾਲ ਰਲਾਇਆ ਜਾ ਸਕਦਾ ਹੈ। ਇਉਂ ਕੀਤਿਆਂ ਵਰਣ ਮਰਯਾਦਾ ਨਸ਼ਟ-ਭ੍ਰਸ਼ਟ ਹੋ ਜਾਵੇਗੀ ਤੇ ਸ਼ਾਸਤਰ ਇਸ ਦੀ ਆਗਿਆ ਨਹੀਂ ਦਿੰਦੇ।

ਗੁਰੂ ਸਾਹਿਬ ਨੇ ਫਿਰ ਸਾਰੇ ਮਾਮਲੇ ਨੂੰ ਧੀਰਜ ਤੇ ਦੀਰਘ ਵਿਚਾਰ ਨਾਲ ਵਿਚਾਰਨ ਲਈ ਆਖਿਆ ਕਿ ਇਸ ਤਰ੍ਹਾਂ ਹੋਣ ਨਾਲ ਧਰਮ ਨੂੰ ਹਾਨੀ ਨਹੀਂ, ਸਗੋਂ ਸ਼ਕਤੀ ਮਿਲੇਗੀ; ਫਿਰ ਸੋਚੋ, ਪੁਰਾਣੇ ਵਿਸ਼ਵਾਸਾਂ ਨਾਲ ਨਵਾਂ ਮਸਲਾ ਹਲ ਹੋਣ ਵਾਲਾ ਨਹੀਂ। ਬਾਵਜੂਦ ਸਤਿਗੁਰਾਂ ਦੇ ਬਾਰ ਬਾਰ ਆਖਣ ਦੇ, ਬ੍ਰਾਹਮਣਾਂ ਦੇ ਬਹਿਕਾਏ ਤੇ ਮੁਗਲ ਰਾਜ ਦੀਆਂ ਸਖ਼ਤੀਆਂ ਦੇ ਧਮਕਾਏ ਰਾਜਪੂਤ, ਸਤਿਗੁਰਾਂ ਦੇ ਹਮ-ਖਿਆਲ ਨ ਹੋਏ। ਉਹ ਕਹਿਣ ਲੱਗੇ, 'ਜੇ ਆਪ ਇਨ੍ਹਾਂ ਬੀਰ ਛੱਤ੍ਰੀਆਂ ਦੀ ਮਿਲਵਰਤਨ ਚਾਹੁੰਦੇ ਹੀ ਹੋ ਤਾਂ ਤੁਹਾਨੂੰ ਇਹ ਸ਼ੂਦਰਾਂ ਦਾ ਸੰਗ ਛਡਣਾ ਪਵੇਗਾ।' ਗੁਰੂ ਸਾਹਿਬ ਨੇ ਜਵਾਬ ਦਿਤਾ ਕਿ ਮੈਂ ਤੁਹਾਨੂੰ ਛਡ ਸਕਦਾ ਹਾਂ, ਲੇਕਿਨ ਇਹਨਾਂ ਗਰੀਬ, ਕਿਰਤੀ ਤੇ ਧਰਮੀ ਲੋਕਾਂ ਨੂੰ ਨਹੀਂ ਛਡ ਸਕਦਾ। ਅਛਾ, ਹੁਣ ਮੈਂ ਚਿੜੀਆਂ ਤੋਂ ਹੀ ਬਾਜ਼ ਤੁੜਾਵਾਂਗਾ। ਤੇ ਇਹਨਾਂ ਨੂੰ ਤੇਗ ਫੜਾ ਕੇ ਛਤ੍ਰੀ ਬਣਾਵਾਂਗਾ ਤੇ ਇਹੋ ਛਤ੍ਰਧਾਰੀ ਬਣ ਕੇ ਧਰਤੀ ਦਾ ਰਾਜ ਕਮਾਉਣਗੇ—

ਨਾਮ ਗ੍ਰੀਬ ਨਿਵਾਜ਼ ਹਮਾਰਾ। ਹੈ ਜਗ ਮਹਿ ਪ੍ਰਸਿਧ ਅਪਾਰਾ।
ਸੋ ਸਫਲਾ ਜਗ ਮੇਂ ਤਬ ਥੈ ਹੈ। ਲਘੁ ਜਾਤਨ ਕੋ ਬਡਪਨ ਦੈ ਹੈ।
ਜਿਨ ਕੀ ਜਾਤਿ ਵਰਣ ਕੁਲ ਮਾਹੀ। ਸਰਦਾਰੀ ਨਹਿ ਭਈ ਕਦਾਂਹੀ।
ਕੀਟਨ ਤੇ ਇਨ ਕੋ ਮ੍ਰਿਗਿੰਦੂ। ਕਰੋਂ ਹਰਨ ਹਿਤ ਤੁਰਕ ਗਜਿੰਦੂ।
ਇਨ ਹੀ ਕੋ ਸਰਦਾਰ ਬਨਾਵੋਂ। ਤਬਹਿ ਗੋਬਿੰਦ ਸਿੰਘ ਨਾਮ ਕਹਾਵੋਂ।

ਪ੍ਰਿੰਸੀਪਲ ਗੰਗਾ ਸਿੰਘ ਜੀ ਨੇ ਰਵਾਲਸਰ ਦੇ ਰਾਜਪੂਤ ਸੰਮੇਲਨ ਬਾਰੇ ਲਿਖਦਿਆਂ ਕਿਹਾ ਹੈ—

ਰਵਾਲਸਰ ਤੇ ਆ ਜੁੜੇ, ਰਾਜੇ ਜੁ ਬਾਈ ਧਾਰ ਦੇ।
ਤਦ ਕਲਗੀ ਵਾਲੇ ਸਤਿਗੁਰੂ, ਸਭ ਨੂੰ ਕਿਹਾ ਲਲਕਾਰ ਕੇ।
'ਹੁਣ ਪੰਥ ਪ੍ਰਗਟ ਕਰਾਂਗਾ, ਸਭ ਦੁਸ਼ਟ ਦੋਖੀ ਮਾਰ ਕੇ।
ਦੇਗੋ ਤੇਗੋ ਫਤਹ ਨੁਸਰਤ, ਦਿਆਂ ਨਿਸਚੇ ਧਾਰ ਕੇ।'
ਤਦ ਸ੍ਰੀ ਜੀਤੋ ਜੀ ਕਿਹਾ, 'ਪੁਤਰ ਮੇਰੇ ਕੀ ਕਰਨਗੇ ?'
'ਜਦ ਮਹਿਲ ਪੰਥਕ ਬਣੇਗਾ, ਤਾਂ ਨੀਹਾਂ ਦੇ ਵਿਚ ਢਲਣਗੇ।'

ਸੋ ਰਵਾਲਸਰ ਦਾ ਦੌਰਾ ਸਤਿਗੁਰਾਂ ਦਾ ਤਵਾਰੀਖ਼ੀ ਦੌਰਾ ਸੀ, ਜਦੋਂ ਉਨ੍ਹਾਂ ਰਾਜਪੂਤਾਂ ਰਾਜਿਆਂ-ਰਾਣਿਆਂ ਦੀ ਪਰਖ ਕੀਤੀ ਤੇ ਆਖ਼ਰ ਇਹ ਸਿੱਟਾ ਕਢਿਆ ਕਿ ਕ੍ਰਾਂਤੀ ਦੇ ਮਹਾਨ ਕੰਮ ਵਿਚ ਕੇਵਲ ਗਰੀਬ ਕਿਰਤੀ ਹੀ ਕਾਰਗਰ ਸਿਧ ਹੋ ਸਕਦੇ ਹਨ ਤੇ ਇਨ੍ਹਾਂ ਦਾ ਸਹਿਯੋਗ ਹੀ ਸਮੂਚੇ ਇਨਕਲਾਬ ਦਾ ਅਧਾਰ ਬਣ ਸਕਦਾ ਹੈ। ਸਾਰੀ



www.AKJ.Org

ਛਾਣ-ਬੀਣ ਤੋਂ ਬਾਅਦ ਉਨ੍ਹਾਂ ਦੀ ਇਹ ਭਾਵਨਾ ਪ੍ਰਪੱਕ ਹੋ ਗਈ ਸੀ ਤੇ ਉਹ ਬਾਰ ਬਾਰ ਗੁਣਗੁਣਾ ਰਹੇ ਸਨ–

ਸੇਵ ਕਰੀ ਇਨ ਹੀ ਕੀ ਭਾਵਤ, ਅਉਰ ਕੀ ਸੇਵ ਸੁਹਾਤ ਨ ਜੀ ਕੋ ।
ਦਾਨ ਦੀਓ ਇਨਹੀ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ ।
ਆਗੈ ਫਲੈ ਇਨਹੀ ਕੋ ਦੀਓ, ਜਗ ਮੈ ਜਸ ਅਉਰ ਦੀਓ ਸਭ ਫੀਕੋ ।
ਮੋ ਗ੍ਰਿਹ ਮੈਂ ਮਨ ਤੇ ਤਨ ਤੇ, ਸਿਰ ਲੌ ਧਨ ਹੈ ਸਭ ਹੀ ਇਨਹੀ ਕੋ ।'

## (੨) ਰਾਜਕੁਮਾਰੀ ਪਦਮਾ :–

ਸ਼ਹਿਜ਼ਾਦੀ ਪਦਮਾ ਚੰਬੇ ਵਾਲੇ ਰਾਜੇ ਦੀ ਬੇਟੀ ਅਤੇ ਚੰਗੀ ਪੜ੍ਹੀ ਲਿਖੀ ਸੀ । ਜਦੋਂ ਸਾਰੇ ਰਾਜੇ ਰਵਾਲਸਰ ਇਕੱਠੇ ਹੋਏ ਤਾਂ ਵੀ ਪਿਤਾ ਨਾਲ ਇਥੇ ਆਈ । ਸਤਿਗੁਰਾਂ ਦੀ ਵਿਦਵਤਾ ਤੇ ਰੂਹਾਨੀ ਵਡਿਆਈ ਦੀ ਗੱਲ ਇਸ ਨੇ ਕਈ ਵਾਰ ਸੁਣੀ ਸੀ ਤੇ ਦਿਲੋਂ ਮਨੋਂ ਇਸ ਗੱਲ ਦੀ ਚਾਹਵਾਨ ਸੀ ਕਿ ਮੈਂ ਆਪ ਦਰਸ਼ਨ ਕਰਾਂ । ਇਸ ਦਾ ਪਿਤਾ ਚੰਬਾ-ਨਰੇਸ਼ ਵੀ ਗੁਰੂ ਜੀ ਦਾ ਸ਼ਰਧਾਲੂ ਸੀ, ਆਪ ਨਾਲ ਹਿਤ ਰਖਦਾ ਅਤੇ ਆਪਣੇ ਸਾਥੀ ਪਹਾੜੀ ਰਾਜਿਆਂ ਦੀਆਂ ਗ਼ਲਤ ਨੀਤੀਆਂ ਦੀ ਨਿਖੇਧੀ ਕਰਦਾ ਰਹਿੰਦਾ । ਜਦੋਂ ਪਹਾੜੀ ਰਾਜੇ ਗੁਰੂ ਸਾਹਿਬ ਨੂੰ ਮਿਲ ਆਏ ਤਾਂ ਰਾਜਕੁਮਾਰੀ ਪਦਮਾ ਨੇ ਪਿਤਾ ਪਾਸੋਂ ਆਗਿਆ ਲਈ ਕਿ ਮੈਂ ਵੀ ਇਸ ਅਵਤਾਰ ਸਰੂਪ ਦੇ ਦਰਸ਼ਨ ਕਰ ਆਵਾਂ, ਪਰ ਮੈਂ ਚਾਹੁੰਦੀ ਹਾਂ ਕਿ ਪਹਿਲਾਂ ਚਿਠੀ ਲਿਖ ਕੇ ਕੁਝ ਤਸੱਲੀ ਕਰ ਲਵਾਂ ਕਿ ਵਿਦਿਆ ਦੇ ਖੇਤਰ ਵਿਚ ਇਨ੍ਹਾਂ ਦੀ ਕਿੰਨੀ ਕੁ ਲਗਨ ਹੈ । ਕਹਿੰਦੇ ਹਨ, ਸ਼ਹਿਜ਼ਾਦੀ ਪਦਮਾ ਨੇ ਸੰਖੇਪ ਜਿਹੀ ਚਿਠੀ ਲਿਖ ਕੇ ਗੁਰੂ ਸਾਹਿਬ ਪਾਸ ਨੌਕਰ ਹਥ ਭੇਜੀ । ਪਤਰ ਇਉਂ ਸੀ–

'ਸਾਰਾ ? ਪੌਣਾ, ਦੂਜਾ ਸਉਣਾ । ਨਰ ਨਾਰੀ ਬੇ ਦੋਨਉ ਭਉਣਾ ।
ਕੁਛ ਖਾਧਾ ਕੁਛ ਲੈ ਕਰ ਸਉਣਾ । ਉਤਰ ਦੇਹੁ ਗੁਰੂ ਜੀ ਕਉਣਾ ।'

ਗੁਰੂ ਸਾਹਿਬ ਨੇ ਇਹ ਪੱਤਰ ਲੈ ਕੇ ਰਖ ਲਿਆ ਅਤੇ ਕੁਝ ਪਲਾਂ ਵਿਚ ਹੀ ਇਸ ਦਾ ਉਤਰ ਲਿਖ ਕੇ ਹਲਕਾਰੇ ਹਥ ਦੇ ਦਿਤਾ :

'ਜਾਣੋ ਸਾਰਾ ਦੇਵ ਤਨ, ਪੌਣਾ ਮਾਨਸ ਦੇਹਿ ।
ਦੁਬਿਧਾ ਦੂਜੀ ਗਵਨ ਕਰਿ, ਨਰ ਨਾਰੀ ਹੋਇ ਖੇਹ ।
ਉਭਯ ਲੋਕ ਭਉਂਦਾ ਫਿਰੇ, ਖਾਧਾ ਖਰਚ ਜਿ ਮਾਲ ।
ਪ੍ਰਲਯ ਭਈ ਸਉਣਾ ਹੂਆ, ਉਤਰ ਤੁਮਰਾ ਬਾਲ ।

ਪਦਮਾ ਨੇ ਪੁਛਿਆ ਸੀ ਕਿ ਸਾਰਾ ਕੌਣ ਹੈ ਤੇ ਪਉਣਾ ਕੌਣ, ਦੂਜਾ ਕੀ ਚੀਜ਼ ਹੈ, ਜੋ ਆਖ਼ਰ ਜਾਂਦਾ ਹੀ ਰਹਿੰਦਾ ਹੈ । ਨਰ ਤੇ ਨਾਰੀ ਦੇ ਦੋ ਭਵਨ ਕਿਹੜੇ ਹਨ ? ਕੁਛ ਖਾ ਲਿਆ ਤੇ ਕੁਛ ਨਾਲ ਲੈ ਕੇ ਸੌਂ ਗਿਆ—ਇਸ ਦਾ ਕੀ ਤਾਤਪ੍ਰਯ ਹੈ ?

ਗੁਰੂ ਜੀ ਨੇ ਜੋ ਉਤਰ ਦਿਤਾ, ਉਸ ਦਾ ਸਾਰੰਸ਼ ਇਹ ਹੈ— 'ਕਿ ਦੇਵਤਿਆਂ ਦਾ ਸਰੂਪ ਸੰਪੂਰਨ ਹੈ ਤੇ ਮਨੁਖ ਦਾ ਅਧੂਰਾ । ਦੂਜੀ ਚੀਜ਼ ਦੁਬਿਧਾ ਹੈ, ਜਿਸ ਵਿਚ ਪੈ ਕੇ ਕੀ ਤੀਵੀਂ ਤੇ ਕੀ ਆਦਮੀ, ਅੰਤ ਖ਼ਾਕ ਹੋ ਜਾਂਦੇ ਹਨ । ਦੋਹਾਂ ਲੋਕਾਂ ਵਿਚ ਮਨ ਭਟਕਦਾ ਫਿਰਦਾ ਹੈ, ਕੁਝ ਖਾ ਪੀ ਜਾਂਦਾ ਹੈ ਤੇ ਕੁਝ ਕਰਮਾਂ ਦਾ ਭੋਗ ਨਾਲ ਲੈ ਜਾਂਦਾ ਹੈ । ਜਦੋਂ ਮੌਤ ਆ ਜਾਂਦੀ ਹੈ, ਮਾਨੋ ਇਹ ਮੁਸਾਫ਼ਰ ਸੌਂ ਜਾਂਦਾ ਹੈ ।

'ਹੇ ਬਾਲਾ ! ਇਹ ਤੇਰੇ ਸਵਾਲਾਂ ਦਾ ਜਵਾਬ ਹੈ ।'

ਇਸ ਦਾ ਭਾਵ ਇਹ ਵੀ ਲਿਆ ਜਾਂਦਾ ਹੈ ਕਿ ਮਨੁਖ ਦੇ ਅੰਦਰ ਵਸਦੀ ਦੇਵ ਆਤਮਾ ਜੋਤਿ ਤਾਂ ਸੰਪੂਰਨ ਹੈ, ਪਰ ਮਨ ਪੂਰਾ ਸੂਰਾ ਨਹੀਂ, ਪੌਣਾ ਹੈ । ਇਸ ਪੌਣੇ ਮਨ ਨੂੰ ਹੀ ਦੁਬਿਧਾ ਖੁਆਰ ਕਰਦੀ ਹੈ ਤੇ ਇਧਰ ਉਧਰ ਭਟਕਾਉਂਦੀ ਫਿਰਦੀ ਹੈ । ਇਹੋ ਸਾਡਾ ਆਪਾ ਕੁਝ ਕਰਮਾਂ ਦਾ ਫਲ ਇਥੇ ਭੋਗ ਜਾਂਦਾ ਹੈ, ਕੁਝ ਨਾਲ ਲੈ ਕੇ ਤੁਰ ਜਾਂਦਾ ਹੈ ।



www.AKJ.Org

ਇਹ ਬੁਝਾਰਤੀ ਉਤਰ ਪੜ੍ਹ ਕੇ ਪਦਮਾ ਦੀ ਤਸੱਲੀ ਹੋ ਗਈ ਤੇ ਫ਼ੈਸਲਾ ਕੀਤਾ, ਇਸ ਗੁਰੂ ਦੇ ਦਰਸ਼ਨ ਤਾਂ ਜ਼ਰੂਰ ਹੀ ਕਰਨੇ ਹਨ। ਸੋ ਉਹ ਵੀ ਤਮਾਮ ਰਾਣੀਆਂ ਦੇ ਨਾਲ ਗੁਰੂ ਜੀ ਦੇ ਦਰਬਾਰ ਵਿਚ ਪਹੁੰਚੀ। ਸਭ ਪਹਾੜਨਾਂ ਸਤਿਗੁਰਾਂ ਦੇ ਦਿਬ ਦਰਸ਼ਨ ਕਰਕੇ ਵਾਪਸ ਆਉਂਦੀਆਂ ਗਈਆਂ ਤੇ ਮਨ ਵਿਚ ਬੜੀਆਂ ਹੈਰਾਨ ਹੁੰਦੀਆਂ ਕਿ ਇਹ ਬਾਂਕਾ ਸਤਿਗੁਰੂ ਕੈਸਾ ਹੈ ਤੇ ਇਸ ਦਾ ਦਰਬਾਰ ਕਿਤਨਾ ਸ਼ਾਨਦਾਰ ਹੈ ?*

ਇਉਂ ਕਲਗੀਧਰ ਦਾ ਦਰਬਾਰ ਸਜ ਰਿਹਾ ਹੈ, ਸ਼ਾਹੀ ਠਾਠ ਹੈ, ਚਾਰੇ ਪਾਸੇ ਸਤਿਗੁਰਾਂ ਦੇ ਸੈਨਿਕ ਤੇ ਸਿਖ ਸ਼ਰਧਾਲੂ ਸਜੇ ਹੋਏ ਹਨ। ਫ਼ਰੁਖਾਬਾਦ ਦਾ ਕਾਰੀਗਰ ਭਾਈ ਦੂਲਾ ਸਿੰਘ ਕੁਝ ਸ਼ਸਤ੍ਰ ਲੈ ਕੇ ਗੁਰੂ ਜੀ ਅਗੇ ਪੇਸ਼ ਹੋਇਆ—ਤੀਰ ਕਮਾਨ, ਤਮੰਚਾ ਤੇ ਦੁਨਾਲੀ ਬੰਦੂਕ।

ਸਤਿਗੁਰਾਂ ਉਸੇ ਵੇਲੇ ਦੁਨਾਲੀ ਵਿਚ ਗੋਲੀ ਭਰੀ ਤੇ ਕਿਹਾ, 'ਸਿਖੋ ! ਅਗੇ ਪਿਛੇ ਖੜੇ ਜਾਉ, ਮੈਂ ਵੇਖਣਾ ਚਾਹੁੰਦਾ ਹਾਂ ਕਿ ਇਹ ਗੋਲੀ ਕਿੰਨੇ ਸਰੀਰਾਂ ਵਿਚੋਂ ਨਿਕਲ ਸਕਦੀ ਹੈ।' ਕੁਝ ਗੁਰੂ ਦੇ ਲਾਲ ਛਾਤੀਆਂ ਤਾਣ ਕੇ ਖਲੋ ਗਏ ਅਤੇ ਗੁਰੂ ਜੀ ਨੇ ਨਿਸ਼ਾਨਾ ਇਧਰ ਉਧਰ ਕਰਦਿਆਂ ਗੋਲੀ ਅਸਮਾਨ ਵਲ ਕਰ ਕੇ ਚਲਾ ਦਿਤੀ ਤੇ ਕੌਤਕ ਕਰਕੇ ਸਾਰੇ ਦਰਸ਼ਕਾਂ ਨੂੰ ਹੈਰਾਨ ਕਰ ਦਿਤਾ ਕਿ ਗੁਰੂ ਸਾਹਿਬ ਦੇ ਪ੍ਰੇਮੀ ਸਿਖ ਕਿਸ ਤਰ੍ਹਾਂ ਜਾਨਾਂ ਵਾਰਨ ਵਾਲੇ ਹਨ।

ਪਦਮਾ ਗੋਲੀ ਨੂੰ ਨਾਲ ਲੈ ਕੇ ਅਗੇ ਵਧੀ ਤੇ ਸਤਿਗੁਰਾਂ ਨੂੰ ਬੜੇ ਪਿਆਰ ਸਤਿਕਾਰ ਨਾਲ ਮਥਾ ਟੇਕਿਆ। ਗੁਰੂ ਸਾਹਿਬ ਨੇ ਉਹੋ ਕਮਾਨ ਲੈ ਕੇ ਡੰਡਉਤ ਕਰਦੀ ਸ਼ਹਿਜ਼ਾਦੀ ਦੀ ਪਿਠ ਉਤੇ ਥਾਪੜਾ ਦਿਤਾ ਤੇ 'ਨਿਹਾਲ, ਨਿਹਾਲ, ਨਿਹਾਲ' ਆਖ ਕੇ ਉਸ ਨੂੰ ਅਸ਼ੀਰਵਾਦ ਦਿਤਾ। ਇਹ ਦ੍ਰਿਸ਼ ਬੜਾ ਹੀ ਕੌਤਕ ਭਰਪੂਰ ਸੀ ਕਿ ਇਹ ਸ਼ਹਿਜ਼ਾਦੀ ਅਧਿਆਤਮਕ ਰੰਗ ਵਿਚ ਰੰਗੀਜ ਕੇ ਮਸਤ ਅਲਮਸਤ ਹੋ ਰਹੀ ਸੀ।

ਰਿਵਾਲਸਰ ਦੀ ਇਸ ਘਟਨਾ ਤੋਂ ਪਤਾ ਲਗਦਾ ਹੈ ਕਿ ਜਿਥੇ ਸਤਿਗੁਰੂ ਜੀ ਰਾਜਨੀਤੀ ਨਿਪੁੰਨ ਹੋ ਕੇ ਰਾਜਿਆਂ ਰਾਣਿਆਂ ਨੂੰ ਸਾਵਧਾਨ ਕਰ ਰਹੇ ਸਨ, ਉਥੇ ਨਾਲ ਹੀ ਰੂਹਾਨੀਅਤ ਦੇ ਸ਼ਹਿਨਸ਼ਾਨ ਹੋਣ ਦੇ ਨਾਤੇ ਆਪ ਆਤਮਿਕ ਜਗਿਆਸੂਆਂ ਦੀ ਵੀ ਤ੍ਰਿਪਤੀ ਕਰ ਰਹੇ ਸਨ।

## ਤੱਪਸੀ ਸਿੱਧ ਰੇਵਾ :–

ਇਸ ਦਰਬਾਰ ਤੋਂ ਬਾਅਦ ਸਤਿਗੁਰੂ ਜੀ ਮਾਲਵੀਯ ਪਰਬਤ ਦੀ ਸੈਰ ਲਈ ਨਿਕਲ ਗਏ। ਇਹ ਇਕ ਉਚਾ ਪਹਾੜ ਸੀ, ਜਿਥੇ ਕੋਈ ਵਿਰਲਾ ਹੀ ਪਹੁੰਚਦਾ ਸੀ। ਜਦ ਗੁਰੂ ਜੀ ਅਗੇ ਗਏ ਤਾਂ ਇਕ ਗੁਫਾ ਵਿਚੋਂ ਤਪੱਸੀ ਸਿਧ ਨਿਕਲ ਕੇ ਆਇਆ ਤੇ ਉਸ ਨੇ ਸਤਿਗੁਰਾਂ ਨੂੰ ਨਮਸਕਾਰ ਕੀਤੀ। ਪੁਛਿਆ, 'ਤੂੰ ਕੌਣ ਹੈਂ ?' ਤਾਂ ਉਸ ਨੇ ਕਿਹਾ,

* ਪੁਨਿ ਸਗਰੇ ਰਾਜਨ ਕੀ ਰਾਨੀ। ਦਰਸ਼ਨ ਕੇ ਕਿਤ ਚਹਤ ਮਹਾਨੀ ।੧੫।
ਬੂਝਿ ਬੂਝਿ ਰਾਜਨ ਕੇ ਸੰਗਾ। ਆਈ ਦੇਖਨ ਧਰੇ ਉਮੰਗਾ।
ਪ੍ਰਿਥਕ ਪ੍ਰਿਥਕ ਨਿਜ ਧਰੀ ਉਪਾਇਨ। ਪਰਸੇ ਆਨਿ ਕਮਲ ਸਮ ਪਾਇਨ ।੧੬।
ਪੂਰਨ ਚੰਦ ਬਦਨ ਕੀ ਓਰਾ। ਸਭ ਰਾਨੀ ਦ੍ਰਿਗ ਕੀਨ ਚਕੋਰਾ।
ਗੁਰੂ ਸਰੂਪ ਸੁਰਜ ਸਭ ਭਾਸੇ। ਕਮਲ ਬਿਲੋਚਨ ਸਭਨ ਵਿਕਾਸੇ ।੧੭।
ਏਕ ਬਾਰ ਤਨ ਕੀ ਸੁਧਿ ਭੂਲੀ। ਪਿਖ ਸਰੂਪ ਸਭ ਰਾਨਿਨ ਝੂਲੀ।
ਕਹੈਂ 'ਪਰਸਪਰ' ਹੇ ਆਲੀ ਜਾਨ। ਸੁੰਦਰ ਕ੍ਰਿਸ਼ਨ ਸੁਨਯੋ ਹਮ ਕਾਨ ।੧੮।
ਗੁਰ ਸਰੂਪ ਬਡ ਜਾਲਿ ਫਸੀ ਹੈ। ਮ੍ਰਿਗੀ ਸਮਾਨ ਨਹੀਂ ਨਿਕਸੀ ਹੈ।......
ਸੈਲਪਤੀ ਚੰਬਯਾਲ ਕੁਮਾਰੀ। ਨਹੀਂ ਵਯਾਹੀ ਸੋ ਹੁਤੀ ਕੁਮਾਰੀ।
ਹੁਤੀ ਚਿਤ੍ਰਨੀ ਚਿਤ੍ਰ ਸਰੂਪਾ। ਕਵਿਤਾ ਕਰਤੀ ਗੁਨਨਿ ਅਨੂਪਾ ।੨੫।
ਸੁਨਤ ਹਤੀ ਗੁਰ ਰਚੀ ਸੁ ਬਾਨੀ। ਛੰਦ ਸਵੈਯੇ ਆਦਿ ਮਹਾਨੀ।
ਪਢਿ ਪਢਿ ਹਰਖਤ ਰਿਦੇ ਘਨੇਰੀ। ਰਸ ਸਿੰਗਾਰ ਅਧਿਕ ਜਹਿਂ ਹੇਰੀ ।੨੬। (ਗੁ. ਪ੍ਰ. ਸੂਰਜ ਰੁਤ ੫, ਅੰਸੂ ੫)



www.AKJ.Org

'ਮੈਂ ਰੇਵਾ ਦਾ ਪੁਤਰ ਰੇਵਾਲ ਹਾਂ । ਮੇਰੀ ਮਾਤਾ ਨੇ ਮੈਨੂੰ ਸਮਝਾਇਆ ਹੈ ਕਿ ਤਪ ਕਰਨ ਨਾਲ ਰਾਜ ਮਿਲਦਾ ਹੈ । ਮੈਂ ਤਪ ਕਰਦਾ ਰਿਹਾ ਤੇ ਫਿਰ ਇਸ ਇਲਾਕੇ ਦਾ ਚੋਖਾ ਚਿਰ ਰਾਜ ਵੀ ਕੀਤਾ । ਇਹ ਮੰਡੀ ਮੇਰੀ ਹੀ ਵਸਾਈ ਹੋਈ ਹੈ। ਫਿਰ ਵਿਰੋਧੀ ਉਠ ਖੜੋਤੇ, ਉਨ੍ਹਾਂ ਮੇਰਾ ਰਾਜ ਭਾਗ ਖਤਮ ਕਰ ਦਿਤਾ ਤੇ ਸਭ ਕੁਝ ਮਿਟਾ ਦਿਤਾ, ਪਰੰਤੂ ਮੇਰੇ ਅੰਦਰ ਰਾਜ ਦੀ ਵਾਸ਼ਨਾ ਕਾਇਮ ਰਹੀ। ਮੈਂ ਫਿਰ ਤਪੱਸਿਆ ਕਰਨ ਲਗ ਪਿਆ ਕਿ ਸ਼ਾਇਦ ਮੁੜ ਰਾਜ-ਸੱਤਾ ਮਿਲ ਸਕੇ । ਹੁਣ ਮੈਂ ਤਪ ਤਾਂ ਚਿਰੋਕਾ ਕਰਦਾ ਆ ਰਿਹਾ ਹਾਂ ਲੇਕਿਨ ਮਨ ਨੂੰ ਸ਼ਾਂਤੀ ਨਹੀਂ ਮਿਲ ਰਹੀ, ਇਸ ਦਾ ਕੋਈ ਉਪਾ ਦੱਸੋ ।'

ਸਤਿਗੁਰਾਂ ਉਸ ਦੀ ਮਾਨਸਿਕ ਦਸ਼ਾ ਨੂੰ ਸਮਝ ਕੇ ਉਪਦੇਸ਼ ਦਿਤਾ ਕਿ ਰਾਜ ਕਾਜ ਵਿਚ ਝਗੜੇ ਤਾਂ ਜ਼ਰੂਰ ਹਨ ਪਰ ਤਪ ਤਿਆਗ ਵਿਚ ਵੀ ਟਿਕਾਉ ਤੇ ਸ਼ਾਂਤੀ ਨਹੀਂ, ਜੇ ਕਰ ਮਨ ਵਿਚੋਂ ਤ੍ਰਿਸ਼ਨਾ ਦਾ ਨਾਸ ਨਾ ਹੋਵੇ । ਇਹ ਤ੍ਰਿਸ਼ਨਾਲੂ ਮਨ ਤਪ ਕਰਦਾ ਕਰਦਾ ਰਿਧੀਆਂ ਸਿਧੀਆਂ ਦੀ ਭਟਕਣ ਵਿਚ ਪੈ ਜਾਂਦਾ ਹੈ, ਇਹ ਵੀ ਇਕ ਪ੍ਰਕਾਰ ਦਾ ਮਾਇਆ-ਜਾਲ ਹੀ ਹੈ । ਸੋ ਜਿਥੇ ਸੰਸਾਰੀ ਐਸ਼ੋ-ਇਸ਼ਰਤ ਮਾੜੀ ਹੈ, ਉਥੇ ਧਾਰਮਿਕ ਐਸ਼ ਦੇ ਕਰਾਮਾਤੀ ਜਾਦੂ ਵੀ ਹਾਨੀਕਾਰਕ ਹੀ ਹਨ, ਸੋ ਇਹਨਾਂ ਤੋਂ ਬਚਣ ਦੀ ਲੋੜ ਹੈ । ਕੇਵਲ ਰੱਬੀ ਰਜ਼ਾ ਵਿਚ ਟਿਕੇ ਰਹਿਣਾ ਹੀ ਸਹੀ ਮਾਰਗ ਹੈ । ਇਹ ਕਹਿ ਕੇ ਆਪ ਨੇ ਰੇਵਾਲ ਸਿੱਧ ਨੂੰ ਥਾਪੀ ਦਿਤੀ ਤੇ ਉਹ ਅਨੋਖੀ ਵਿਸਮਾਦੀ ਅਵਸਥਾ ਵਿਚ ਮਗਨ ਹੋ ਕੇ ਚਰਨੀਂ ਢਹਿ ਪਿਆ ।

ਇਹ ਵੀ ਦਸਿਆ ਜਾਂਦਾ ਹੈ ਕਿ ਇਸ ਇਲਾਕੇ ਵਿਚ ਪਹਾੜੀਆਂ ਦੇ ਦੋ ਕਬੀਲੇ ਜੱਛ ਤੇ ਨਾਗ ਪਰਸਪਰ ਲੜਦੇ ਝਗੜਦੇ ਰਹਿੰਦੇ ਸਨ । ਜੱਛ ਇਕ ਤਰ੍ਹਾਂ ਆਰੀਆ ਬੰਸੀ ਸਨ ਅਤੇ ਨਾਗ ਕੱਸ਼ਪ ਦੀ ਉਲਾਦ ਕਦਰੂ ਦੀ ਕੁਖੋਂ ਸਨ । ਜੱਛਾਂ ਦਾ ਰਾਜਾ ਕੁਬੇਰ ਸੀ ਤੇ ਉਸ ਦਾ ਵਜ਼ੀਰ ਸਰਦਧਾਰੀ ਸੀ ਤੇ ਇਧਰ ਰੇਵਾਲ ਨਾਗਾਂ ਦਾ ਮੁਖੀਆ ਸੀ । ਸਤਿਗੁਰਾਂ ਨੇ ਦੋਹਾਂ ਕਬੀਲਿਆਂ ਦੀ ਖਹਿ ਮਖਹਿ ਦੂਰ ਕਰ ਕੇ ਪਰਸਪਰ ਮੇਲ ਵਧਾਇਆ ਤੇ ਇਹਨਾਂ ਨੂੰ ਆਪਣੇ ਸਿੱਖ ਬਣਾਇਆ ।

ਇਸ ਤੋਂ ਬਾਅਦ ਮੰਡੀ ਦਾ ਰਾਜਾ ਸਿਧਸੈਨ ਸਤਿਗੁਰਾਂ ਨੂੰ ਆਪਣੀ ਰਿਆਸਤ ਵਿਚ ਲੈ ਗਿਆ, ਕਮਲਾ ਗੜ੍ਹ ਦਾ ਕਿਲ੍ਹਾ ਵਿਖਾਇਆ ਤੇ ਬਹੁਤ ਸੇਵਾ ਕੀਤੀ । ਗੁਰੂ ਜੀ ਨੇ ਇਕ ਘੜਾ ਮੂਧਾ ਧਰਾ ਕੇ ਸਿੱਖਾਂ ਤੋਂ ਨਿਸ਼ਾਨੇ ਲਵਾਏ ਤੇ ਫਿਰ ਰਾਜੇ ਨੂੰ ਨਿਸ਼ਾਨਾ ਮਾਰਨ ਲਈ ਕਿਹਾ । ਕਹਿੰਦੇ ਹਨ ਕਿ ਰਾਜੇ ਦੀ ਗੋਲੀ ਲਗਣ ਨਾਲ ਮੂਧਾ ਘੜਾ ਸਿਧਾ ਹੋ ਗਿਆ । ਸਤਿਗੁਰਾਂ ਹੱਸ ਕੇ ਕਿਹਾ, 'ਤੇਰਾ ਰਾਜ ਅਟੱਲ ਰਹੇਗਾ, ਜੋ ਇਸ ਨੂੰ ਨੁਕਸਾਨ ਪਹੁੰਚਾਏਗਾ, ਉਸ ਦਾ ਭਾਂਡਾ ਮੂਧਾ ਮਾਰਿਆ ਜਾਵੇਗਾ ।'

ਸਤਿਗੁਰੂ ਜੀ ਆਪਣੇ ਸੰਗੀ ਸਾਥੀ ਸਿਖਾਂ ਸਮੇਤ ਇਥੋਂ ਹਥਲੀ ਆਏ, ਜਿਥੇ ਗੁਰੂ ਕੋਟ ਗੁਰਦੁਆਰਾ ਹੈ । ਫਿਰ ਝੰਡੇਵਾਲ (ਖਨੋਟ) ਠਹਿਰੇ । ਇਸ ਤੋਂ ਪਿਛੋਂ ਤਲਵਾੜਾ, ਮਟੀਆਲ, ਸਾਊ, ਬੰਧਾ ਘਾਟ ਹੁੰਦੇ ਹੋਏ ਕੋਟਲੂ ਆ ਗਏ ਤੇ ਇਥੋਂ ਦਰਿਆ ਪਾਰ ਕੀਤਾ । ਅਗੇ ਕਹਲੋਰ ਪਿੰਡ ਤੇ ਅਲੋਤ ਹੁੰਦੇ ਹੋਏ ਵਾਪਸ ਅਨੰਦਪੁਰ ਆ ਗਏ ।

ਸੋ ਰਿਵਾਲਸਰ ਅਜਿਹੀ ਥਾਂ ਹੈ ਜਿਥੇ ਰੂਹਾਨੀਅਤ ਦਾ ਦਰਿਆ ਵਗਿਆ ਹੈ, ਜਿਸ ਨੇ ਚਿਰਾਂ ਦੀਆਂ ਅਤ੍ਰਿਪਤ ਰੂਹਾਂ ਨੂੰ ਤ੍ਰਿਪਤ ਕੀਤਾ ਅਤੇ ਸਮਾਜਕ ਤੇ ਰਾਜਨੀਤਕ ਤੌਰ ਪਛੜੇ ਤੇ ਖਿੰਡੇ ਪੁੰਡੇ ਲੋਕਾਂ ਨੂੰ ਇਕੱਠੇ ਹੋਣ ਦਾ ਸੱਦਾ ਦਿਤਾ ਹੈ । ਇਸ ਪਵਿਤਰ ਥਾਂ ਦੀ ਯਾਤਰਾ ਜਿਥੇ ਸਾਨੂੰ ਕੁਦਰਤ ਦੇ ਰੰਗ ਵਿਚ ਰੰਗਦੀ ਹੈ, ਉਥੇ ਕਾਦਰ ਦੇ ਨੇੜੇ ਹੋਣ ਦਾ ਸੁਭਾਗ ਵੀ ਪ੍ਰਾਪਤ ਹੁੰਦਾ ਹੈ ।

---

**ਪਾਠਕ ਜੀ**—(੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ **ਚਿੱਟ ਨੰਬਰ** ਜ਼ਰੂਰ ਲਿਖੋ । ਹਰ ਮਹੀਨੇ ਪਰਚੇ ਉਤੇ, ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖਿਆ ਹੁੰਦਾ ਹੈ ।

**(੨) ਪਰਚੇ ਗੁੰਮ**—ਪਰਚੇ ਡਾਕ ਵਿਚ ਕਾਫ਼ੀ ਗੁੰਮ ਹੁੰਦੇ ਹਨ । ਮਹੀਨੇ ਦੇ ਅੱਧ ਤਕ ਜੇ ਆਪ ਨੂੰ ਪਰਚਾ ਨਾ ਪੁਜੇ ਤਾਂ ਹੋਰ ਪਰਚਾ ਭੇਜਣ ਲਈ ਸਾਨੂੰ ਕਾਰਡ ਲਿਖੋ । ਅਸੀਂ ਦੁਬਾਰਾ ਪਰਚਾ ਫ਼ੌਰਨ ਭੇਜਾਂਗੇ ।



www.AKJ.Org

# ਗੁਰਬਾਣੀ-ਰਹਿਤਨਾਮਾ

[ਭਾਈ ਰਾਮ ਸਿੰਘ ਜੀ, ਸੁਕਐਡਰਨ ਲੀਡਰ, ਅੰਮ੍ਰਿਤਸਰ]

ਸਿਖ ਧਰਮ ਬਾਰੇ ਕਈ ਪ੍ਰਚਲਤ ਰਹਿਤਨਾਮੇ ਮਿਲਦੇ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਰਹਿਤਨਾਮੇ ਮਿਲਾਵਟ-ਭਰਪੂਰ ਹਨ, ਅਤੇ ਤੱਤ ਸਿਖੀ ਬਾਰੇ ਸੇਧ ਦੇਣੋਂ ਅਸਮਰੱਥ ਹਨ। ਸਿਖੀ ਰਹਿਤ ਬਾਰੇ ਗੁਰਬਾਣੀ ਹੀ ਅਸਲੀ ਰਹਿਤਨਾਮਾ ਹੈ। ਯਥਾ : 'ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ (੯੮੨)।' ਇਸ ਲਈ ਸਿੱਖਾਂ ਨੂੰ ਮੁਖ ਤੌਰ ਤੇ ਗੁਰਬਾਣੀ ਤੋਂ ਹੀ ਹਰ ਅਗਵਾਈ ਲੈਣੀ ਚਾਹੀਦੀ ਹੈ। ਸਿੱਖੀ ਦਾ ਜੋ ਅਜੋਕੜ ਦੇਖਣ ਵਿੱਚ ਆਉਂਦਾ ਹੈ, ਇਹ ਪ੍ਰਚਲਤ ਰਹਿਤਨਾਮਿਆਂ ਤੋਂ ਹੀ ਗ੍ਰਹਿਣ ਕੀਤਾ ਗਿਆ ਪ੍ਰਤੀਤ ਹੁੰਦਾ ਹੈ। ਅਤੇ ਪ੍ਰਚਲਤ ਰਹਿਤਨਾਮਿਆਂ ਨੂੰ ਗੁਰਬਾਣੀ ਦੇ ਚਾਨਣ ਹੇਠ ਤੱਕਿਆਂ ਇਹ ਦ੍ਰਿੜ੍ਹ ਹੋ ਜਾਂਦਾ ਹੈ ਕਿ ਏਨ੍ਹਾਂ ਰਹਿਤਨਾਮਿਆਂ ਨੂੰ ਸਿਖ ਧਰਮ ਦਿਆਂ ਦੋਖੀਆਂ ਨੇ ਹਰ ਪਹਿਲੂ ਤੋਂ ਪੂਰੀ ਤਰ੍ਹਾਂ ਵਿਗਾੜ ਕੇ ਹੀ ਸਾਹ ਲਿਆ ਹੈ। ਗੁਰਬਾਣੀ ਤੋਂ ਅਗਵਾਈ ਮਿਲਦੀ **ਹੈ ਕਿ—**

**(ੳ) ਸਿਖ ਧਰਮ ਵਿਚ ਕੇਸ ਕਤਲ ਕਰਨੇ ਬਿਬਰਜਤ ਹਨ।** ਕੇਸਾਂ ਨੂੰ ਸਾਬਤ ਰੱਖਣ ਦਾ ਹੀ ਵਿਧਾਨ ਹੈ। ਯਥਾ 'ਸੋਹਣੇ ਨਕ ਜਿਨ ਲੰਮੜੇ ਵਾਲਾ' (੫੬੭)। ਭਾਵ ਕਿ, ਸਾਬਤ ਕੇਸਾਂ ਵਾਲੇ (ਲੰਮੜੇ ਵਾਲਾਂ ਵਾਲੇ) ਗੁਰੂ ਘਰ ਵਿਚ ਸੋਹਣੇ ਨੱਕ ਵਾਲੇ ਹਨ। ਏਸੇ ਤਰ੍ਹਾਂ 'ਸਾਬਤ ਸੂਰਤਿ ਦਸਤਾਰ ਸਿਰਾ' (੧੦੮੪)। ਭਾਵ, ਸੂਰਤਿ ਸਾਬਤ ਰਖੇ (ਕੇਸ ਰੱਖੇ ਅਤੇ ਨੱਕ ਕੰਨ ਨਾ ਵਿਨ੍ਹਾਏ)। "ਮਾਠਿ ਗੁੰਦਾਈ ਪਟੀਆ ਭਰੀਐ ਮਾਂਗ ਸੰਧੂਰੇ॥ ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ॥" (੫੫੮)। ਭਾਵ ਕਿ ਗੁੱਤਾਂ, ਮੀਡੀਆਂ, ਚੀਰ ਕੱਢਣੇ ਅਤੇ ਚੀਰ ਵਿਚ ਸੰਧੂਰ ਵਰਤਣਾ ਆਦਿ ਸ਼ਿੰਗਾਰ ਕਰਨ ਦੀ ਮਨਾਹੀ ਹੈ।

**(ਅ) ਗੁਰਸਿਖ ਨੂੰ ਤਮਾਕੂ ਦੀ ਵਰਤੋਂ ਬਿਬਰਜਤ ਹੈ** : ਯਥਾ ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ॥ ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ" । (੭੨੬) ਇਸ ਤੁਕ ਰਾਹੀਂ ਜਮਾਂ ਦੀ ਮਾਰ ਤੋਂ ਬਚਣ ਲਈ ਬੀੜੀ (ਤਮਾਕੂ) ਦੀ ਵਰਤੋਂ ਦੀ ਮਨਾਹੀ ਹੈ, ਅਤੇ ਨਾਲ ਨਾਲ ਪਾਨ ਸੁਪਾਰੀ ਦੀ ਵਰਤੋਂ ਭੀ ਮਨ੍ਹਾ ਕੀਤੀ ਗਈ ਹੈ। ਯਥਾ, "ਕਬੀਰ ਊਜਲ ਪਹਿਰਹਿ ਕਾਪਰੇ ਪਾਨ ਸੁਪਾਰੀ ਖਾਹਿ॥ ਏਕਸ ਹਰਿ ਕੇ ਨਾਮ ਬਿਨੁ ਬਾਧੇ ਜਮਪੁਰਿ ਜਾਂਹਿ॥" (੧੩੬੬)

**(ੲ) ਸਿਖ ਧਰਮ ਵਿਚ ਪਰਤ੍ਰਿਆ ਦਾ ਸੰਗ ਬਿਬਰਜਤ ਹੈ** :

( i ) 'ਪਰਤ੍ਰਿਆ ਰਾਵਣਿ ਜਾਹਿ ਸੇਈ ਤਾਲਾਜੀਅਹਿ' (੧੩੬੨) ਪਰਾਈ ਇਸਤ੍ਰੀ ਭੋਗਣਹਾਰਿਆਂ ਨੂੰ ਸਿੱਖੀ ਵਿੱਚੋਂ ਤਿਲਾਂਜਲੀ ਮਿਲ ਜਾਂਦੀ ਹੈ। ਭਾਵ ਕਿ, ਉਹ ਸਿੱਖੀ ਵਿਚੋਂ ਛੇਕੇ ਜਾਂਦੇ ਹਨ।

( ii ) "ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ॥" (ਪਾ: ੧੦) ਏਥੇ 'ਸੁਪਨੇ ਹੂੰ' ਦਾ ਭਾਵ ਹੈ ਕਿ ਸੁਪਨੇ ਵਿਚ ਭੀ (ਭਾਵ ਕਿ ਉੱਕਾ ਹੀ) ਮਨ੍ਹਾ ਹੈ।

( iii ) "ਪਰਤ੍ਰਿਅ ਰੂਪ ਨ ਪੇਖੈ ਨੇਤ੍ਰ" (੨੭੪) ਪਰ-ਨਾਰੀ ਨਾਲ ਕੁਸੰਗ ਕਰਨਾ ਤਾਂ ਕੁ-ਕਰਮ ਹੈ ਹੀ, ਪਰ-ਨਾਰੀ ਦਾ ਰੂਪ (ਮੰਦ-ਭਾਵਨਾ ਨਾਲ) ਤੱਕਣੋਂ ਭੀ ਗੁਰਸਿਖ ਨੂੰ ਰੋਕਿਆ ਗਿਆ ਹੈ, ਕਿਉਂਕਿ ਐਸੀ ਤੱਕਣੀ ਨਾਲ ਹੀ ਅਗਲੇ ਪਾਪ ਦਾ ਟੋਰਾ ਟੁਰਦਾ ਹੈ।

( iv ) "ਪਰਤ੍ਰਿਅ ਰਮਹਿ ਬਕਹਿ ਸਾਧ ਨਿੰਦ॥ ਕਰਨ ਨ ਸੁਨਹੀ ਹਰਿ ਜਸੁ ਬਿੰਦ" (੨੯੮)। ਪਰਾਈ ਇਸਤ੍ਰੀ ਨੂੰ ਰਾਵਣਹਾਰਿਆਂ ਦਾ ਇਹ ਹਾਲ ਹੁੰਦਾ ਹੈ ਕਿ ਉਹ ਸਾਧਾਂ ਸੰਤਾਂ ਦੀ ਨਿੰਦਿਆ ਕਰਦੇ ਹਨ ਅਤੇ ਹਰੀ ਜਸ ਬਿਲਕੁਲ ਨਹੀਂ ਸੁਣਦੇ।

( v ) "ਘਰ ਕੀ ਨਾਰਿ ਤਿਆਗੈ ਅੰਧਾ॥ ਪਰ ਨਾਰੀ ਸਿਉ ਘਾਲੈ ਧੰਧਾ॥" (੧੧੬੫) ਇਸ ਤੁਕ ਰਾਹੀਂ ਪਰ-ਤ੍ਰਿਆ-ਗਾਮੀ ਪੁਰਸ਼, ਜਿਹੜਾ ਆਪਣੀ ਨਾਰ ਦਾ ਸੰਗ ਛੱਡ ਕੇ, ਪਰਾਈ ਨਾਰ ਨਾਲ ਜਾ ਖੇਹ ਖਾਂਦਾ ਹੈ, ਉਸ



www.AKJ.Org

ਨੂੰ ਅੰਧਾ ਆਖ ਕੇ ਦੁਰਕਾਰਿਆ ਗਿਆ ਹੈ।

( vi ) "ਪਰ-ਧਨ-ਪਰ-ਤਨ-ਪਰ-ਕੀ-ਨਿੰਦਾ-ਇਨ-ਸਿਉ-ਪ੍ਰੀਤਿ-ਨ-ਲਾਗੈ" (੬੭੪) । ਏਥੇ ਪਰਾਏ ਧਨ, ਪਰਾਏ ਤਨ ਅਤੇ ਪਰਾਈ ਨਿੰਦਾ ਵਿੱਚ ਰੁਚੀ ਰੱਖਣ ਤੋਂ ਹੋੜਿਆ ਗਿਆ ਹੈ। ਪਰਾਏ ਤਨ ਤੋਂ ਭਾਵ ਪਰਾਈ ਇਸਤ੍ਰੀ ਅਥਵਾ ਪਰਾਏ ਪੁਰਖ ਦੇ ਕੁਸੰਗ ਤੋਂ ਹੈ।

( vii ) "ਦੇਇ-ਕਿਵਾੜ-ਅਨਿਕ-ਪੜਦੇ-ਮਹਿ-ਪਰ-ਦਾਰਾ-ਸੰਗਿ-ਫਾਕੈ ॥ ਚਿਤ੍ਰ-ਗੁਪਤੁ-ਜਬ-ਲੇਖਾ-ਮਾਗਹਿ-ਤਬ-ਕਉਣੁ-ਪੜਦਾ-ਤੇਰਾ-ਢਾਕੈ ॥" (੬੧੬) ਗੁਰੂ ਸਾਹਿਬ ਜੀ ਨੇ ਇਸ ਤੁਕ ਰਾਹੀਂ ਇਹ ਗੱਲ ਬੜੀ ਸਪਸ਼ਟ ਕੀਤੀ ਹੈ ਕਿ ਆਦਮੀ, ਦਰਵਾਜ਼ੇ ਬੰਦ ਕਰ ਕੇ, ਕਈ ਪ੍ਰਕਾਰ ਦੇ ਪੜਦੇ ਪਾ ਕੇ ਪਰਾਈ ਇਸਤ੍ਰੀ ਨਾਲ, ਓਹਲੇ ਹੋ ਕੇ ਪਾਪ ਕਮਾਂਦਾ ਹੈ। ਜਦੋਂ ਸੱਚੀ ਦਰਗਾਹ ਵਿੱਚ ਇਸ ਮੰਦ ਕਰਮ ਦੀ ਜਵਾਬ-ਤਲਬੀ ਹੁੰਦੀ ਹੈ, ਤਾਂ ਚਿੱਤ੍ਰ-ਗੁਪਤ, ਜੋ ਮਨੁਖ ਦੇ ਹਰੇਕ ਕੰਮ ਦਾ ਰੀਕਾਰਡ ਰਖਦੇ ਹਨ, ਉਨ੍ਹਾਂ ਦੇ ਸਾਹਮਣੇ ਇਸ ਮੁਲਜ਼ਮ ਦੇ ਪੜਦੇ ਨੂੰ ਕੋਈ ਢੱਕ ਨਹੀਂ ਸਕਦਾ। ਇਸ ਦਾ ਪੜਦਾ ਉਘੜ ਜਾਂਦਾ ਹੈ। ਸਪਸ਼ਟ ਹੈ ਕਿ ਪਰਾਈ ਇਸਤ੍ਰੀ ਦਾ ਕੁ-ਸੰਗ ਬਿਬਰਜਤ ਹੈ।

( viii ) "ਗੋਤਮੁ-ਤਪਾ-ਅਹਲਿਆ-ਇਸਤ੍ਰੀ-ਤਿਸੁ-ਦੇਖਿ-ਇੰਦ੍ਰੁ-ਲੁਭਾਇਆ ॥ ਸਹਸ-ਸਰੀਰ-ਚਿਹਨ-ਭਗ-ਹੂਏ-ਤਾ-ਮਨਿ-ਪਛੋਤਾਇਆ ॥" (੧੩੪੩-੪੪) ਪਰਾਈ ਇਸਤ੍ਰੀ ਨਾਲ ਪਾਪ ਕਮਾਉਣ ਦੀ ਇਹ ਤਵਾਰੀਖ਼ੀ ਮਿਸਾਲ ਹੈ। ਇਸ ਪਾਪ ਦੀ ਸਜ਼ਾ ਭੀ ਜੁਗਾਂ ਪਰਯੰਤ ਅਤੇ ਸਾਰੇ ਸੰਸਾਰ ਵਿੱਚ ਕਲੰਕਤ। ਇਹ ਸਜ਼ਾ ਲੂੰਈਂ ਕੰਡੇ ਖੜੇ ਕਰ ਦੇਂਦੀ ਹੈ। ਗੁਰੂ ਬਖਸ਼ੇ।

**(ਸ) ਸ਼ਰਾਬ :—**

( i ) "ਝੂਠਾ-ਮਦੁ-ਮੂਲਿ-ਨ-ਪੀਚਈ-ਜੇ-ਕਾ-ਪਾਰਿ-ਵਸਾਇ ॥" (੫੫੪) ਇਸ ਹੁਕਮ ਰਾਹੀਂ ਮਦ (ਸ਼ਰਾਬ) ਪੀਣੀ ਗੁਰਸਿਖ ਲਈ ਬਿਬਰਜਤ ਦਰਸਾਈ ਗਈ ਹੈ।

( ii ) "ਜਿਤੁ-ਪੀਤੈ-ਮਤਿ-ਦੂਰਿ-ਹੋਇ-ਬਰਲੁ-ਪਵੈ-ਵਿਚਿ-ਆਇ ॥ ਆਪਣਾ-ਪਰਾਇਆ-ਨ-ਪਛਾਣਈ-ਖਸਮਹੁ-ਧਕੇ-ਖਾਇ ॥ ਜਿਤੁ-ਪੀਤੈ-ਖਸਮੁ-ਵਿਸਰੈ-ਦਰਗਹ-ਮਿਲੈ-ਸਜਾਇ ॥" (੫੫੪) ਇਥੇ ਦਰਸਾਇਆ ਗਿਆ ਹੈ ਕਿ ਸ਼ਰਾਬੀ ਮਨੁਖ ਦਾ ਏਥੇ ਭੀ ਮਾੜਾ ਹਾਲ ਹੈ, ਅਤੇ ਅੱਗੇ ਹਰਿ ਦਰਗਹਿ ਭੀ ਉਹ ਸਜ਼ਾ ਪਾਉਂਦਾ ਹੈ। ਇਸ ਲਈ ਸ਼ਰਾਬ ਦੀ ਵਰਤੋਂ ਬਿਬਰਜਤ ਹੈ।

( iii ) "ਕਬੀਰ-ਭਾਂਗ-ਮਾਛੁਲੀ-ਸੁਰਾਪਾਨਿ-ਜੋ-ਜੋ-ਪ੍ਰਾਨੀ-ਖਾਂਹਿ ॥ ਤੀਰਥ-ਬਰਤ-ਨੇਮ-ਕੀਏ-ਤੇ-ਸਭੈ-ਰਸਾਤਲਿ-ਜਾਂਹਿ ॥" (੧੩੭੭) ਇਨ੍ਹਾਂ ਤੁਕਾਂ ਰਾਹੀਂ ਗੁਰਬਾਣੀ ਸਪਸ਼ਟ ਕਰਦੀ ਹੈ ਕਿ ਮਾਸ, ਮੱਛੀ ਅਤੇ ਸ਼ਰਾਬ (ਸੁਰਾਪਾਨਿ) ਨੂੰ ਖਾਣ ਪੀਣ ਵਾਲੇ ਸਭ ਦੇ ਸਭ ਸਿੱਧੇ ਨਰਕਾਂ ਨੂੰ ਜਾਣਗੇ, ਭਾਵੇਂ ਉਨ੍ਹਾਂ ਨੇ ਕਈਆਂ ਤੀਰਥਾਂ ਦੇ ਦਰਸ਼ਨ-ਇਸ਼ਨਾਨ ਕਿਉਂ ਨਾ ਕੀਤੇ ਹੋਏ ਹੋਣ, ਭਾਵੇਂ ਉਨ੍ਹਾਂ ਨੇ ਕਿਤਨੇ ਵਰਤ ਰੱਖੇ ਹੋਏ ਹੋਣ ਅਤੇ ਕਈ ਨੇਮ (ਪਾਠ ਪੂਜਾ) ਨਿਭਾਏ ਹੋਏ ਹੋਣ। ਉਨ੍ਹਾਂ ਦੀ ਇਹ ਸਭ ਘਾਲਣਾ ਬਿਅਰਥ ਹੀ ਜਾਏਗੀ, ਸਗੋਂ ਉਨ੍ਹਾਂ ਨੂੰ ਨਰਕਾਂ ਵਿੱਚ ਪੈਣੋਂ ਨਹੀਂ ਬਚਾਅ ਸਕੇਗੀ।

**(ਹ) ਮਾਸ :**

ਗੁਰਬਾਣੀ ਮਾਸ ਨੂੰ ਅਭੱਖ (ਨਾ-ਖਾਣ-ਯੋਗ) ਵਸਤੂ ਗਰਦਾਨਦੀ ਹੈ।

( i ) "ਜੀਅ-ਦਇਆ-ਪਰਵਾਨੁ ॥" (੧੩੬) ਜੀਵਾਂ ਨੂੰ ਨਾ-ਮਾਰਨਾ ਹੀ ਜੀਅ ਦਇਆ ਕਹਿਲਾਉਂਦਾ ਹੈ, ਅਤੇ ਅਜਿਹਾ ਕਰਤੱਵ ਹੀ ਗੁਰੂ ਘਰ ਵਿਚ ਪਰਵਾਨ ਹੈ।

( ii ) "ਅਸੰਖ-ਗਲਵਢ-ਹਤਿਆ-ਕਮਾਹਿ (ਜਪੁਜੀ)" ਜੀਆਂ ਦੇ ਗਲ ਵਢਣ ਨੂੰ ਹੱਤਿਆ (ਪਾਪ) ਕਮਾਉਣਾ ਕਰਕੇ ਕਿਹਾ ਗਿਆ ਹੈ।

( iii ) "ਜੀਅ-ਬਧਹੁ-ਸੁ-ਧਰਮੁ-ਕਰਿ-ਥਾਪਹੁ-ਅਧਰਮ-ਕਹਹੁ-ਕਤ-ਭਾਈ ॥ ਆਪਸ-ਕਉ-ਮੁਨਿਵਰ-ਕਰਿ-ਥਾਪਹੁ-ਕਾ-ਕਉ-ਕਹਹੁ-ਕਸਾਈ ॥" (੧੧੦੩) ਜੀਆਂ ਨੂੰ ਵੱਢ ਕੇ ਉਨ੍ਹਾਂ ਦੇ ਮਾਸ ਨੂੰ ਝਟਕਾ ਜਾ ਹਲਾਲ ਦੇ ਨਾਵਾਂ


www.AKJ.Org

ਹੇਠ ਪਰਵਾਨਗੀ ਦੇਣ ਲਈ ਕਹਿੰਦੇ ਹੋ ਕਿ ਅਜਿਹਾ ਕਰਨਾ ਧਰਮ ਹੈ (ਜਾਇਜ਼ ਹੈ, ਸ੍ਰੇਸ਼ਟ ਹੈ) ਤਾਂ ਫਿਰ ਅਧਰਮ (ਨਾਜਾਇਜ਼ ਗਲਤ ਜਾਂ ਪਾਪ) ਕਿਸ ਨੂੰ ਕਹਾਂਗੇ ? ਜੇ ਜੀਆਂ ਨੂੰ ਵੱਢਣ ਵਾਲੇ ਆਪਣੇ ਆਪ ਨੂੰ ਮੁਨਿਵਰ (ਸ੍ਰੇਸ਼ਟ ਸਾਧੂ, ਧਰਮੀ, ਦਇਆ ਕਰਨ ਵਾਲੇ, ਨਰਮ-ਦਿਲ) ਕਹਿਲਾਉਣਗੇ ਤਾਂ ਫਿਰ ਕਸਾਈ (ਜ਼ਾਲਮ) ਕਿਸ ਨੂੰ ਕਹਾਂਗੇ ?

( iv ) ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥ ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥" (੧੩੭੫) ਜੀਆਂ ਨੂੰ ਮਾਰਨ ਲਈ ਆਪਣੀ ਤਾਕਤ (ਜ਼ੋਰ) ਵਰਤਣਾ ਜ਼ੁਲਮ ਹੈ । ਰੱਬ ਅਜਿਹੇ ਪੁਰਸ਼ਾਂ ਦੀ ਜਵਾਬ-ਤਲਬੀ ਕਰੇਗਾ ਅਤੇ ਇਨ੍ਹਾਂ ਨੂੰ ਖ਼ੂਬ ਮਾਰ ਪਵੇਗੀ ।

( v ) "ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ ॥ ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ ॥" (੧੩੭੫) ਜੀਆਂ ਨੂੰ ਮਾਰਨ ਵਾਲਿਆਂ ਦਾ, ਸਜ਼ਾ ਪਾਉਂਦਿਆਂ ਹੋਇਆਂ ਦਾ ਬਹੁਤ ਹੀ ਬੁਰਾ ਹਾਲ ਹੋਏਗਾ ।

( vi ) "ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥ ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥" (੧੩੭੪) ਲੂਣ ਵਾਲੀ (ਸਾਦਾ) ਖਿਚੜੀ ਨੂੰ ਭਗਤ ਜੀ ਨੇ ਅੰਮ੍ਰਿਤ ਕਰਕੇ ਕਿਹਾ ਹੈ, ਅਤੇ ਇਸ ਸਾਦਾ ਭੋਜਨ ਨੂੰ ਖ਼ੂਬ (ਬਹੁਤ ਚੰਗਾ, ਸ੍ਰੇਸ਼ਟ) ਕਰਕੇ ਮੰਨਿਆ ਹੈ । ਹੇਰਾ (ਸ਼ਿਕਾਰ ਕੀਤਾ ਮਾਸ, ਅਭੱਖ ਵਸਤੂ) ਨਾਲ ਰੋਟੀ ਖਾਣ ਨੂੰ ਰੋਕਿਆ ਹੈ ਅਤੇ ਦੱਸਿਆ ਹੈ ਕਿ ਮਾਸ ਪ੍ਰਾਪਤ ਕਰਨ ਲਈ ਹੁਣ ਅਸੀਂ ਜਾਨਵਰਾਂ ਦੇ ਗਲ ਕੱਟਾਂਗੇ ਅਤੇ ਇਸ ਦੇ ਬਦਲੇ ਅਗਲੇ ਜਨਮਾਂ ਵਿੱਚ ਸਾਨੂੰ ਆਪਣਾ ਗਲਾ ਕਟਵਾਉਣਾ ਪਵੇਗਾ । ਇਸ ਲਈ ਇਹ ਸਉਦਾ ਸਾਨੂੰ ਪੁਗਦਾ ਨਹੀਂ । ਹੁਣ ਮਾਸ ਖਾਣ ਦੀ ਖ਼ਾਤਰ, ਕਉਣ ਮੂੜ ਆਪਣਾ ਗਲਾ ਕਟਾਵੇ ? ਭਾਵ ਕਿ, ਮਾਸ ਖਾਣ ਵਾਲਿਆਂ ਨੂੰ ਮੁੜ ਜਨਮ ਲੈ ਕੇ ਘਟ ਤੋਂ ਘਟ ਉਤਨੀ ਵੇਰ ਜ਼ਰੂਰ ਹੀ ਗਲੇ ਕਟਾਉਣੇ ਪੈਣਗੇ ਜਿਤਨਿਆਂ ਜਾਨਵਰਾਂ ਦੇ ਗਲੇ ਕੱਟ ਕੇ ਇਨ੍ਹਾਂ ਨੇ ਆਪਣੇ ਜੀਵਨ ਵਿੱਚ ਮਾਸ ਪ੍ਰਾਪਤ ਕੀਤਾ ਹੋਏਗਾ ।

( vii ) ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥ ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥" (੧੪੦) ਪਹਿਲੀਆਂ ਦੋਹਾਂ ਤੁਕਾਂ ਅੰਦਰ ਰੱਤ ਦਾ ਜ਼ਿਕਰ ਹੈ। ਕਪੜੇ ਨੂੰ ਰਤ (ਲਹੂ) ਲਗ ਜਾਏ ਤਾਂ ਕਪੜਾ ਪਲੀਤ (ਗੰਦਾ) ਹੋ ਜਾਂਦਾ ਹੈ। ਜੇ ਲਹੂ ਪੀਤਾ ਜਾਏ ਤਾਂ ਚਿਤ ਪਲੀਤ ਹੋ ਜਾਂਦਾ ਹੈ, ਭਾਵ ਕਿ ਮਨ ਨਿਰਮਲ ਨਹੀਂ ਰਹਿੰਦਾ । ਉਪਰ ਦਰਸਾਈਆਂ ਦੋਹਾਂ ਤੁਕਾਂ ਦਾ ਇਹ ਸਿੱਧਾ ਭਾਵ ਹੈ ਅਤੇ ਬੜਾ ਹੀ ਸਪੱਸ਼ਟ ਹੈ । ਕਈ ਮਾਸ-ਅਹਾਰੀ ਸਿੱਖ ਦੂਜੀ ਤੁਕ ਦਾ ਅਰਥ ਇਹ ਦੱਸਦੇ ਹਨ ਕਿ ਜਿਹੜੇ ਲੋਕ ਮਾਣਸਾਂ (ਆਦਮੀਆਂ) ਦਾ ਲਹੂ ਪੀਂਦੇ ਹਨ, ਭਾਵ ਕਿ ਮਾਣਸਾਂ ਨੂੰ ਲੁਟ ਲੁਟ ਕੇ ਖਾਂਦੇ ਹਨ, ਅਥਵਾ ਦੂਸਰਿਆਂ ਦੀ ਕਮਾਈ ਖਾਂਦੇ ਹਨ ਉਨ੍ਹਾਂ ਦਾ ਚਿੱਤ ਨਿਰਮਲ ਨਹੀਂ ਹੋ ਸਕਦਾ। ਉਪਰ ਦਰਸਾਈਆਂ ਪਹਿਲੀਆਂ ਦੋਹਾਂ ਤੁਕਾਂ ਅੰਦਰ ਕਮਾਈ ਦੀ ਕਿਸਮ ਦਾ ਜ਼ਿਕਰ ਬਿਲਕੁਲ ਹੀ ਨਹੀਂ ਹੋ ਰਿਹਾ ਕਿ ਕਿਸ ਪ੍ਰਕਾਰ ਦੀ ਕਮਾਈ ਚੰਗੀ ਹੈ ਅਤੇ ਕਿਸ ਪ੍ਰਕਾਰ ਦੀ ਕਮਾਈ ਮੰਦੀ ਹੈ। ਏਥੇ ਤਾਂ ਕੇਵਲ ਸਧਾਰਨ ਤੌਰ ਤੇ ਲਹੂ ਦਾ ਹੀ ਜ਼ਿਕਰ ਹੈ ਕਿ ਜੇ ਲਹੂ ਬਾਹਰ ਲਗ ਜਾਏ ਤਾਂ ਬਾਹਰਲਾ (ਕਪੜਾ) ਗੰਦਾ, ਅਤੇ ਜੇ ਲਹੂ ਪੀਤਾ ਜਾਏ ਤਾਂ ਅੰਦਰਲਾ (ਚਿਤ) ਗੰਦਾ । ਇਸ ਤਰ੍ਹਾਂ ਲਹੂ ਨੂੰ ਅਪਵਿੱਤਰ ਵਸਤੂ ਦਰਸਾਇਆ ਗਿਆ ਹੈ । ਲਹੂ ਲੱਗ ਕੇ ਕਪੜੇ ਦਾ ਪਲੀਤ ਹੋ ਜਾਣਾ ਤਾਂ ਬੜੀ ਸਿੱਧੀ ਜਿਹੀ ਗੱਲ ਹੈ । ਹੁਣ ਆਈ ਗੱਲ ਲਹੂ ਪੀਣ ਦੀ, ਅਥਵਾ, ਮਾਸ ਖਾਣ ਵਾਲਿਆਂ ਦੀ । ਲਹੂ (ਮਾਸ) ਦੀ ਪ੍ਰਾਪਤੀ ਕਿਸੇ ਜੀਵ ਨੂੰ ਜਾਨੋਂ ਮਾਰ ਕੇ ਹੀ ਹੋ ਸਕਦੀ ਹੈ । ਇਹ ਕਰਤੱਵ ਮਨ ਦੀ ਜ਼ਾਲਮਾਨਾ ਰੁਚੀ ਦਾ ਸੂਚਕ ਹੈ। ਇਸ ਲਈ ਨਿਰਦਈ ਮਨ ਨਿਰਮਲ ਨਹੀਂ ਕਹਿਲਾ ਸਕਦਾ । ਦਇਆਵਾਨ ਦਾ ਹੀ ਮਨ ਨਿਰਮਲ ਕਹਿਲਾਏਗਾ । ਅਗਲੀ (ਤੀਸਰੀ) ਤੁਕ ਰਾਹੀਂ ਗੁਰੂ ਜੀ ਫੁਰਮਾਉਂਦੇ ਹਨ ਕਿ ਰੱਬ ਦਾ ਨਾਉਂ ਨਿਰਮਲ ਮਨ (ਹਛੇ ਦਿਲ) ਨਾਲ ਜਪੋ । ਇਸ ਦਾ ਸਿਧਾ ਭਾਵ ਹੈ, ਜੇ ਨਾਮ ਨਿਰਮਲ ਚਿੱਤ ਨਾਲ ਨਹੀਂ ਜਪਿਆ ਤਾਂ ਗੁਰੂ ਜੀ ਨੂੰ ਇਹ ਪ੍ਰਵਾਨ ਨਹੀਂ ਹੈ । ਸੋ ਇਸ ਤੁਕ ਰਾਹੀਂ



www.AKJ.Org

ਗੁਰੂ ਸਾਹਿਬ ਜੀ ਨੇ ਮਾਸ-ਅਹਾਰੀਆਂ ਦੀ ਪਾਠ-ਪੂਜਾ ਨੂੰ ਅਪਰਵਾਨ ਕੀਤਾ ਹੈ। ਮਾਸ ਖਾਣਾ ਬੇਰਹਿਮ ਮਨ ਦਾ ਸੂਚਕ ਹੈ। ਇਸ ਲਈ ਮਾਸ ਬਿਬਰਜਤ ਹੈ।

( viii ) "ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ॥" (੯੬੮)......"ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥" (੯੬੭) ਗੁਰੂ ਕੇ ਲੰਗਰ ਦਾ ਜ਼ਿਕਰ ਕਰਦਿਆਂ ਹੋਇਆਂ ਗੁਰਬਾਣੀ ਦਰਸਾਉਂਦੀ ਹੈ ਕਿ ਗੁਰੂ ਕੀ ਰਸੋਈ (ਲੰਗਰ) ਵਿੱਚ ਨਿਤਾਪ੍ਰਤੀ (ਹਰ ਵਕਤ ਹੀ) ਘਿਉ, ਮੈਦਾ, ਖੀਰ (ਚਾਵਲ, ਦੁਧ, ਖੰਡ), ਆਦਿਕ ਅੰਮ੍ਰਿਤ-ਖਾਣੇ ਹੀ ਤਿਆਰ ਹੁੰਦੇ ਰਹਿੰਦੇ ਹਨ। ਜੇ ਮਾਸ ਖਾਣ ਜੋਗ ਵਸਤੂ ਹੁੰਦੀ ਤਾਂ ਰਸੋਈ (ਲੰਗਰ) ਦੇ ਸਨਬੰਧ ਵਿੱਚ ਇਸ ਦਾ ਜ਼ਿਕਰ ਜ਼ਰੂਰ ਆਉਣਾ ਸੀ। ਪਰ ਆਇਆ ਨਹੀਂ।

( ix ) ਦਾਲਿ ਸੀਧਾ ਮਾਗਉ ਘੀਉ,ਅਨਾਜੁ ਮਗਉ ਸਤ ਸੀਂ ਕਾ,ਗਊ ਭੈਸ ਮਗਉ ਲਾਵੇਰੀ (੬੯੫);ਦੁਇ ਸੇਰ ਮਾਂਗਉ ਚੂਨਾ,ਪਾਉ ਘੀਉ ਸੰਗਿ ਲੂਨਾ (ਆਟਾ),ਅਧ ਸੇਰ ਮਾਂਗਉ ਦਾਲੇ ॥' (੬੫੬)

ਭਗਤਾਂ ਨੇ ਰੱਬ ਪਾਸੋਂ ਖਾਣ ਯੋਗ ਵਸਤੂਆਂ ਮੰਗਣ ਲੱਗਿਆਂ ਕੇਵਲ ਘਿਉ, ਅਨਾਜ, ਆਟਾ, ਦਾਲ, ਲੂਣ, ਪਾਣੀ, ਦੁੱਧ ਆਦਿ ਦੀ ਹੀ ਮੰਗ ਕੀਤੀ ਹੈ। ਜੇ ਮਾਸ ਖਾਣ ਜੋਗੀ ਵਸਤੂ ਹੁੰਦੀ ਤਾਂ ਕਿਸੇ ਨਾ ਕਿਸੇ ਭਗਤ ਨੇ ਜ਼ਰੂਰ ਇਸ ਦੀ ਮੰਗ ਕਰ ਲੈਣੀ ਸੀ। ਪਰ ਕੀਤੀ ਨਹੀਂ। ਜੇ ਮੰਗਣ ਹੀ ਲੱਗ ਪਏ, ਅਤੇ ਉਹ ਭੀ ਰੱਬ ਪਾਸੋਂ, ਤਾਂ ਫਿਰ ਝਿਜਕ ਕਿਸ ਬਾਤ ਦੀ ? ਲਵੇਰੀ ਗਊ ਅਤੇ ਲਵੇਰੀ ਭੈਂਸ ਤੱਕ ਤਾਂ ਮੰਗ ਲਈਆਂ, ਪਰ ਸੇਰ, ਅੱਧ ਸੇਰ. ਮਾਸ ਨਾ ਕਿਸੇ ਮੰਗਿਆ ਅਤੇ ਨਾ ਹੀ ਕਿਸੇ ਨੇ ਸੂਰ, ਬਕਰਾ, ਮੁਰਗਾ, ਬਟੇਰ, ਆਦਿ ਮੰਗੇ। ਇਸ ਤੋਂ ਸਪੱਸ਼ਟ ਹੈ ਕਿ ਮਾਸ ਅਭੱਖ ਵਸਤੂ ਹੈ। ਇਹ ਬਿਲਕੁਲ ਖਾਣ ਯੋਗ ਵਸਤੂ ਨਹੀਂ ਹੈ।

( x ) ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ ਬਿਖੂ ਮੁਖਿ ਲਾਈਐ ॥" (੮੮੧) ਇਸ ਤੁਕ ਰਾਹੀਂ ਮਾੜੀ ਵਸਤੂ ਦੀ ਮਾੜੇ ਪੰਛੀਆਂ ਨਾਲ ਮਿਸਾਲ ਦਿੱਤੀ ਜਾ ਰਹੀ ਹੈ। ਬਗਲਾ ਅਤੇ ਕਾਗ (ਕਊਆ) ਇਨ੍ਹਾਂ ਦੋਹਾਂ ਪੰਛੀਆਂ ਨੂੰ ਗੁਰੂ ਸਾਹਿਬ ਜੀ ਨੇ ਇਸ ਲਈ ਨੀਚ ਕਹਿਆ ਹੈ ਕਿਉਂਕਿ ਇਹ ਦੋਨੋਂ ਹੀ ਕਰੰਗ (ਮੁਰਦਾਰ-) ਭੱਖੀ ਹਨ। ਜੇ ਗੁਰੂ ਸਾਹਿਬ ਜੀ ਮੁਰਦਾਰ ਖਾਣ ਵਾਲੇ ਪੰਛੀਆਂ ਨੂੰ ਨੀਚ ਕਹਿੰਦੇ ਹਨ ਤਾਂ ਮੁਰਦਾਰ ਖਾਣ ਵਾਲੇ ਮਾਣਸਾਂ ਨੂੰ ਕਦੋਂ ਉੱਤਮ ਕਹਿਣਗੇ ? ਇਨ੍ਹਾਂ ਤੁਕਾਂ ਵਿੱਚ ਪੰਛੀਆਂ ਦੀ ਨੀਚਤਾ ਦਾ ਕਾਰਨ 'ਕਰੰਗ ਬਿਖੂ' ਦਸ ਕੇ ਮਨੁਖ ਮਾਤਰ ਨੂੰ ਇਸ ਬਿਖ ਦੇ ਸੇਵਨ ਤੋਂ ਖ਼ਬਰਦਾਰ ਕੀਤਾ ਹੈ।

( xi ) "ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥" (੧੪੧) ਏਥੇ ਤਾਂ ਸਾਹਿਬਾਂ ਨੇ ਸਾਫ਼ ਹੀ ਕਹਿ ਦਿਤਾ ਹੈ ਕਿ ਗੁਰੂ ਸਾਹਿਬ ਜੀ ਮੁਰਦਾਰ (ਮਾਸ) ਖਾਣ ਵਾਲੇ ਦੀ ਹਾਮਾ (ਸਹਾਇਤਾ) ਨਹੀਂ ਕਰਨਗੇ।

( xii ) ਮਾਸ-ਖੋਰ ਸਿੱਖ, ਮਾਸ ਖਾਣ ਨੂੰ ਜਾਇਜ਼ ਦੱਸਣ ਲਈ ਅਕਸਰ "ਮਾਸੁ ਮਾਸੁ ਕਰਿ ਮੂਰਖੁ ਝਗੜੇ..." (੧੨੮੯) ਵਾਲੇ ਸ਼ਬਦ ਦਾ ਆਸਰਾ ਲਿਆ ਕਰਦੇ ਹਨ, ਅਤੇ ਕਿਹਾ ਕਰਦੇ ਹਨ ਕਿ ਮਾਸ ਖਾ ਲੈਣਾ ਚਾਹੀਦਾ ਹੈ, ਇਸ ਬਾਰੇ ਝਗੜਾ ਕਰਨਾ ਮੂਰਖਤਾਈ ਹੈ। ਗੁਰੂ ਜੀ ਨੇ ਇਸ ਸ਼ਬਦ ਰਾਹੀਂ ਬ੍ਰਾਹਮਣਾਂ ਦੀ, ਮਾਸ ਦੇ ਨਾਮ ਮਾਤ੍ਰ ਤੋਂ ਕੁਢੱਬੀ ਅਤੇ ਬੇ-ਤੁਕੀ ਨਫ਼ਰਤ ਦੇ ਜਨੂੰਨ ਨੂੰ ਨਵਿਰਤ ਕੀਤਾ ਹੈ, ਅਤੇ ਇਨ੍ਹਾਂ ਨੂੰ ਕਿਹਾ ਹੈ ਕਿ 'ਭਾਈਓ, ਤੁਹਾਡਾ ਮਾਸ ਦੇ ਨਾਂ ਤੋਂ ਨਫ਼ਰਤ ਕਰਨ ਦਾ ਕੁਝ ਅਰਥ ਹੀ ਨਹੀਂ ਨਿਕਲਦਾ, ਕਿਉਂਕਿ ਤੁਹਾਡਾ ਆਪਨਾ ਸਾਰਾ ਵਜੂਦ ਹੀ ਮਾਸ ਦਾ ਹੈ। ਮਾਸ ਤੋਂ ਹੀ ਪੈਦਾ ਹੋਈਦਾ ਹੈ, ਮਾਸ ਦਾ ਮੂੰਹ ਹੈ, ਮਾਸ ਦੀ ਜੀਭ ਹੈ, ਮਾਸ ਨਾਲ ਹੀ ਤੁਹਾਡਾ ਸਾਰਾ ਮੇਲ-ਮਿਲਾਪ ਹੈ ਅਤੇ ਲੈਣ ਦੇਣ ਹੈ।' ਇਸ ਸ਼ਬਦ ਅੰਦਰ ਮੁਸਲਮਾਨਾਂ ਅਤੇ ਹਿੰਦੂਆਂ ਦੇ ਯੱਗਾਂ ਅੰਦਰ, ਜਾਨਵਰਾਂ ਦੀਆਂ ਦਿੱਤੀਆਂ ਜਾਂਦੀਆਂ ਬਲੀਆਂ ਦਾ ਜ਼ਿਕਰ ਕਰ ਕੇ ਉਨ੍ਹਾਂ ਦੇ ਮੋਮਨਪੁਣੇ ਦਾ ਪਾਜ ਖੋਲ੍ਹਿਆ ਹੈ। ਪੰਡਤਾਂ ਨੂੰ ਕਿਹਾ ਹੈ ਕਿ ਆਪਣੇ ਜਨੂੰਨ ਵਿੱਚ ਗ੍ਰਸਤ ਹੋਇਆਂ ਹੋਇਆਂ ਨੂੰ ਤੁਹਾਨੂੰ ਪਤਾ ਹੀ ਨਹੀਂ ਕਿ ਮਾਸ ਕੀ ਹੈ ਅਤੇ ਸਾਗ ਕੀ ਹੈ, ਅਤੇ ਕਿਸ ਵਿਚ ਪਾਪ ਸਮਾਏ ਹੋਏ ਹਨ। ਇਸ ਸ਼ਬਦ ਵਿੱਚ ਗੁਰੂ ਜੀ ਨੇ ਕਿਤੇ ਭੀ ਨਹੀਂ ਕਿਹਾ ਕਿ ਮਾਸ ਭੱਖ ਵਸਤੂ ਹੈ ਅਤੇ ਇਨਸਾਨ ਦੇ ਖਾ ਲੈਣ ਯੋਗ ਹੈ। ਗੁਰੂ ਸਾਹਿਬ ਜੀ ਸਗੋਂ. ਇਸ ਸ਼ਬਦ ਵਿਚ ਫ਼ੁਰਮਾਉਂਦੇ ਹਨ "ਅਭਖੁ ਭਖਹਿ, ਭਖੁ ਤਜਿ ਛੋਡਹਿ, ਅੰਧ ਗੁਰੂ ਜਿਨ ਕੇਰਾ" (੧੨੯੦)। ਭਾਵ ਕਿ, ਜਿਨ੍ਹਾਂ ਦਾ



www.AKJ.Org

ਆਗੂ (ਨਸੀਹਤ ਕਰਨ ਵਾਲਾ) ਅੰਧਾ (ਗਿਆਨ-ਹੀਣ) ਹੈ, ਉਹ ਲੱਗ ਖਾਣ ਯੋਗ (ਭਖ) ਵਸਤੂਆਂ ਨੂੰ ਛੱਡ ਕੇ ਅਭੱਖ (ਮਾਸ) ਨੂੰ ਤਰਜੀਹ ਦੇ ਕੇ ਖਾਂਦੇ ਹਨ। ਇਸ ਤੁਕ ਰਾਹੀਂ ਗੁਰੂ ਸਾਹਿਬ ਜੀ ਨੇ ਮਾਸ ਖਾਣ ਦਾ ਉਪਦੇਸ਼ ਦੇਣ ਵਾਲੇ ਆਗੂਆਂ ਨੂੰ, ਸਗੋਂ ਅੰਨ੍ਹੇ ਆਖ ਕੇ ਕੱਸਵੀਂ ਝਾੜ ਪਾਈ ਹੈ। "ਗੁਰੂ-ਜਿਨਾ ਕਾ-ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥" (੯੫੧)

**(ਕ) ਦੁਨੀਆਦਾਰਾਂ ਨਾਲ ਸਾਂਝ–**

ਗੁਰਸਿਖਾਂ ਦੀ ਸੰਸਾਰੀਆਂ ਨਾਲ ਦੋ ਤਰ੍ਹਾਂ ਦੀ ਸਾਂਝ ਹੋ ਸਕਦੀ ਹੈ–ਇਕ ਰੋਟੀ ਦੀ, ਅਤੇ ਦੂਜੀ ਬੇਟੀ ਦੀ। ਇਹ ਦੋਵੇਂ ਸਾਂਝਾਂ ਅੰਮ੍ਰਿਤਧਾਰੀ ਗੁਰਸਿਖਾਂ ਨਾਲ ਰੱਖਣ ਦਾ ਹੁਕਮ ਹੈ। ਯਥਾ–"ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥ ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ॥" (੭੯੦) ਭਾਵ, ਬੇ-ਅੰਮ੍ਰਿਤੀਆਂ (ਵੇਦੀਨਾਂ) ਨਾਲ ਰਿਸ਼ਤੇਦਾਰੀ (ਸਾਕ) ਦੀ ਸਾਂਝ ਰੱਖਣ ਅਤੇ ਉਨ੍ਹਾਂ ਦੇ ਤਿਆਰ ਕੀਤੇ ਪਕਵਾਨ ਦੀ ਖਾਣ-ਪੀਣ ਦੀ ਸਾਂਝ ਰੱਖਣ ਨਾਲ, ਨਾਮ (ਸਿਫਤ) ਦੀ ਸਾਰ ਜਾਂਦੀ ਰਹੇਗੀ (ਨਾਮ ਦਾ ਜਾਪ ਰਹਿ ਖੜੋਏਗਾ) ਅਤੇ ਸ਼ੈਤਾਨ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦਾ ਮਨ ਵਿੱਚ ਵਾਸਾ ਹੋ ਜਾਏਗਾ।

**(ਖ) ਜਾਤ ਪਾਤ ਸੰਬੰਧੀ–**

"...ਜਾਤਿ ਨ ਕਾਹੂ ਕੀ ਮਾਨੀ॥" (੧੧੦੫)
"ਗੁਰਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ॥" (੬੪੮)
"ਏਕੁ ਪਿਤਾ ਏਕਸ ਕੇ ਹਮ ਬਾਰਿਕ......" (੬੧੧)

ਸਭ ਅੰਮ੍ਰਿਤਧਾਰੀ ਵਾਹਿਗੁਰੂ ਜੀ ਕਾ ਖਾਲਸਾ ਹਨ। ਇਸ ਲਈ ਜਿਹੜਾ ਅੰਮ੍ਰਿਤਧਾਰੀ ਰੋਟੀ ਬੇਟੀ ਦੀ ਸਾਂਝ ਪਾਉਣ ਲਗਾ, ਅੰਮ੍ਰਿਤ ਛਕਣ ਤੋਂ ਪਹਿਲੋਂ ਵਾਲੀ ਜਾਤ ਦਾ ਧਿਆਨ ਰੱਖਦਾ ਹੈ, ਉਹ ਗੁਰੂ ਕਾ ਦੇਣਹਾਰ ਹੈ।

(ਗ) ਗੁਰਬਾਣੀ ਹਰ ਪ੍ਰਾਣੀ ਨੂੰ ਗੁਰਮੰਤ੍ਰ ਲੈਣ (ਅੰਮ੍ਰਿਤ ਛਕਣ) ਲਈ ਕਹਿੰਦੀ ਹੈ:–ਯਥਾ "ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ-ਧ੍ਰਿਗੰਤ ਜਨਮ ਭ੍ਰਸਟਣਹ॥ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥"(੧੩੫੬-੫੭)

(ਘ) ਪੰਜ ਪਿਆਰੇ ਕੇਵਲ ਉਨ੍ਹਾਂ ਪ੍ਰਾਣੀਆਂ ਨੂੰ ਹੀ ਅੰਮ੍ਰਿਤ ਛਕਾ ਕੇ ਗੁਰਮੰਤ੍ਰ ਦੇਂਦੇ ਹਨ ਜਿਹੜੇ ਪੰਜ ਕਕਾਰਾਂ ਦੇ ਧਾਰਨੀ ਹੋਣ ਅਤੇ ਬੱਜਰ ਕੁ-ਰਹਿਤਾਂ ਤੋਂ ਬਚੇ ਰਹਿਣ ਦਾ ਪ੍ਰਣ ਕਰਨ।

( i ) ਬੱਜਰ ਕੁ-ਰਹਿਤਾਂ (ਦੇਖੋ 'ੳ' ਤੋਂ 'ਹ' ਤੱਕ) ਇਹ ਹਨ:–ਕੇਸ ਕਤਲ ਕਰਾਉਣੇ, ਪਰ-ਇਸਤ੍ਰੀ-ਗਾਮੀ ਜਾਂ ਪਰ ਪੁਰਖ-ਗਾਮੀ ਹੋਣਾ, ਸ਼ਰਾਬ-ਮਾਸ ਤੇ ਤੰਬਾਕੂ ਵਰਤਣਾ।

( ii ) ਪੰਜ ਕਕਾਰ ਇਹ ਹਨ: ਕਛਹਿਰਾ, ਕੜਾ, ਕੰਘਾ, ਕਿਰਪਾਨ ਅਤੇ ਕੇਸਕੀ (ਛੋਟੀ ਦਸਤਾਰ)।

ਰਹਿਤ ਸੰਬੰਧੀ, ਵਿਦਵਾਨ ਖੋਜੀ ਪ੍ਰੋਫ਼ੈਸਰ ਪਿਆਰਾ ਸਿੰਘ ਪਦਮ, ਪਟਿਆਲਾ ਨੂੰ ਪੁਰਾਤਨ ਭੱਟ-ਵਹੀਆਂ ਦਾ ਅਧਿਐਨ ਕਰਦਿਆਂ ਹੋਇਆਂ, ਸਿਖੀ ਰਹਿਤ ਬਾਰੇ ਇਕ ਪ੍ਰਮਾਣੀਕ ਸਬੂਤ ਇਸ ਪ੍ਰਕਾਰ ਮਿਲਿਆ ਹੈ:–

"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮਾ, ਬੇਟਾ ਗੁਰੂ ਤੇਗ ਬਹਾਦਰ ਜੀ ਕਾ, ਸਾਲ ਸਤ੍ਹਾਂ ਸੈ ਪਚਾਵਨ ਮੰਗਲਵਾਰ ਵੈਸਾਖੀ ਕੇ ਦਿਹੁੰ ਪਾਂਚ ਸਿੱਖੋਂ ਕੋ ਖਾਂਡੇ ਕੀ ਪਾਹੁਲ ਦੀ, ਸਿੰਘ ਨਾਮ ਰਾਖਾ। ਪ੍ਰਿਥਮੈ ਦੇਆ ਰਾਮ ਸੋਪਤੀ ਖਤ੍ਰੀ ਬਾਸੀ ਲਾਹੌਰ ਖਲਾ ਹੂਆ, ਪਾਛੈ ਮੋਹਕਮ ਚੰਦ ਛੀਪਾ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ ਜ਼ਫ਼ਰਾਬਾਦ ਸ਼ਹਿਰ, ਧਰਮ ਚੰਦ ਜਵੰਦਾ ਜਾਟ ਬਾਸੀ ਹਸਤਨਾਪੁਰ, ਹਿੰਮਤ ਚੰਦ ਝੀਵਰ ਬਾਸੀ ਜਗਨਨਾਥ–ਬਾਰੀ ਬਾਰੀ ਖਲੇ ਹੂਏ। ਸਭ ਕੋ ਨੀਲੰਬਰ ਪਹਿਨਾਇਆ, ਵਹੀ ਵੇਸ ਅਪਨਾ ਕੀਆ। ਹੁੱਕਾ, ਹਲਾਲ, ਹਜਾਮਤ, ਹਰਾਮ (ਗ਼ੈਰ-ਮੁਸਲਮਾਨੀ ਤ੍ਰੀਕੇ ਨਾਲ ਤਿਆਰ ਕੀਤਾ ਹੋਇਆ ਮਾਸ), ਟਿਕਾ, ਜੰਞੂ, ਧੋਤੀ ਕਾ ਤਿਆਗ ਕਰਾਇਆ। ਮੀਣੇ, ਧੀਰ ਮਲੀਏ, ਰਾਮ ਰਾਈਏ, ਸਿਰ-ਗੁਮੇ, ਮਸੰਦੋ ਕੀ ਵਰਤਣ ਬੰਦ ਕੀ। ਕੰਘਾ, ਕਰਦ, ਕੇਸਗੀ, ਕੜਾ, ਕਛਹਿਰਾ ਸਭ ਕੋ ਦੀਆ। ਸਭ ਕੇਸਾਧਾਰੀ ਕੀਏ। ਸਭ ਕਾ ਜਨਮ ਪਟਨਾ ਬਾਸੀ ਅਨੰਦਪੁਰ ਬਤਾਈ। ਆਗੈ ਗੁਰੂ ਕੀ



www.AKJ.Org

ਸਤਿਗੁਰ ਜਾਣੈ । ਗੁਰੂ ਗੁਰੂ ਜਪਣਾ ਗੁਰੂ ਹਰ ਥਾਇੰ ਸਹਾਈ ਹੋਗ ।''

ਇਸ ਲਿਖਤ ਰਾਹੀਂ ਚਾਰ ਗੱਲਾਂ ਮੋਟੇ ਤੌਰ ਤੇ ਸਪੱਸ਼ਟ ਹੋਈਆਂ ਹਨ : ਇਕ ਤਾਂ ਹਲਾਲ ਤੇ ਹਰਾਮ ਆਦਿ ਕਿਸੇ ਵੀ ਤਰੀਕੇ ਨਾਲ ਤਿਆਰ ਕੀਤਾ ਮਾਸ ਬਿਬਰਜਤ ਕੀਤਾ ਗਿਆ ਹੈ । ਦੂਜੇ, ਕੇਸਗੀ (ਕੇਸਕੀ, ਦਸਤਾਰ) ਰਹਿਤ ਵਿੱਚ ਦ੍ਰਿੜ੍ਹਾਈ ਗਈ ਹੈ । ਤੀਜੇ ਕੇਸਾਂ ਨੂੰ ਧਾਰਨ ਕਰਨ ਦਾ ਹੁਕਮ ਨਿਖਾਰ ਕੇ ਜਾਰੀ ਕੀਤਾ ਗਿਆ ਹੈ । ਚੌਥੇ, ਸਭਨਾਂ ਅੰਮ੍ਰਿਤ ਛਕਣ ਵਾਲਿਆਂ ਦਾ ਜਨਮ ਪਟਨਾ, ਬਾਸੀ (ਵਾਸੀ) ਅਨੰਦਪੁਰ ਕਹਿ ਕੇ ਜਾਤ ਪਾਤ ਅਤੇ ਰਿਹੈਸ਼ੀ ਭੇਦਾਂ ਦਾ ਸਮੁੱਚੇ ਤੌਰ ਤੇ ਹੀ ਭੋਗ ਪਾ ਦਿਤਾ ਗਿਆ ਹੈ ।

(ਘ) ''ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥'' (੧੨੪੫) ਹੁਕਮ ਰਾਹੀਂ ਨਿਰੋਲ ਧਰਮ ਦੀ ਕਿਰਤ ਵਿਰਤ ਕਰ ਕੇ ਉਸ ਨੂੰ ਵੰਡ ਛਕਣ ਦੀ ਅਗਵਾਈ ਦਿੱਤੀ ਹੈ । ਦਸਵੰਧ ਦੇਣ ਦੀ ਮਰਯਾਦਾ ਹੈ ।

(ਙ) ਕੱਚੀ ਬਾਣੀ ਪੜ੍ਹਨ ਅਤੇ ਸੁਣਨ ਦੀ ਮਨਾਹੀ ਹੈ । ਯਥਾ :—''ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ...ਕਹਿਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ ॥'' ''ਬਾਣੀ ਤਾ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥''(੯੨੦)

(ਚ) ਦੁਨੀਆਵੀ ਧੜਿਆਂ ਤੋਂ ਨਿਰਪੱਖ ਹੋ ਕੇ, ਕੇਵਲ ਹਰੀ ਦੇ ਧੜੇ ਨਾਲ ਹੀ ਜੁੜੇ ਰਹਿਣ ਦਾ ਹੁਕਮ ਹੈ । ''ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈ ॥'' (੩੬੬) ''ਗੁਰਸਿਖਾ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ ॥'' (੩੧੦) (ਹੋਰ ਕਿਸੇ ਦੀ ਵਡਿਆਈ ਨਹੀਂ ਭਾਉਂਦੀ) ।

(ਛ) ਗੁਰਸਿਖ ਨੂੰ, ਗੁਰਬਾਣੀ ਅੰਦਰ ਦਰਸਾਏ, ਸਭ ਗੁਰ-ਹੁਕਮਾਂ ਤੇ ਚੱਲਣ ਦਾ ਹੁਕਮ ਹੈ, ਯਥਾ :—''ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ......'' (੯੮੨)

**(ਜ) ਅੰਮ੍ਰਿਤ ਵੇਲੇ ਦੀ ਸੰਭਾਲ ਸੰਬੰਧੀ :—**

( i ) ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥ ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥'' (੩੦-੫੦੬)

ਅਵਰਹ ਨਾਮ ਜਪਾਵੈ ਦਾ ਭਾਵ ਹੈ ਕਿ ਦੂਜਿਆਂ ਨੂੰ ਅੰਮ੍ਰਿਤ ਛਕਾਣ ਲਈ ਪਰੇਰੇ ।

( ii ) ਬਾਬੀਹਾ (ਗੁਰਸਿਖ) ਅੰਮ੍ਰਿਤ ਵੇਲੈ ਬੋਲਿਆ ਤਾ ਦਰਿ ਸੁਣੀ ਪੁਕਾਰ ॥ (੧੨੮੫)

( iii ) ''ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ॥...ਨਾਮੁ ਸੁਣੇ ਨਾਮੁ ਸੰਗ੍ਰਹੈ ਨਾਮੇ ਲਿਵ ਲਾਵਉ॥''

( iv ) ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥'' (੧੧੮੫)

(ਝ) ਪੰਚਾਂ ਵਿੱਚ ਸੇਵਾ ਕਰਨ ਵਾਲਿਆਂ ਦੇ ਸਿਰ ਉੱਤੇ ਇਕ ਖਾਸ ਰੱਬੀ ਹੁਕਮ ਕੜਕ ਰਿਹਾ ਹੈ :—''ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ ॥'' (੨੬੯)

(ਞ) ''ਅਲਪ ਆਹਾਰ ਸੁਲਪ ਸੀ ਨਿੰਦ੍ਰਾ, ਦਯਾ, ਛਿਮਾ, ਤਨ ਪ੍ਰੀਤਿ ॥'' (ਪਾ: ੧੦) ਥੋੜਾ ਖਾਣਾ, ਥੋੜਾ ਸਉਣਾ, ਦਇਆ ਕਰਨੀ, ਕਸੂਰਵਾਰ ਨੂੰ ਮੁਆਫ਼ ਕਰਨਾ ਅਤੇ ਸਤਿਗੁਰਾਂ ਨਾਲ ਪ੍ਰੀਤ ਕਰਨ ਤੋਂ ਭਾਵ ਹੈ ।

(ਟ) ਗੁਰਸਿਖ ਨੂੰ, ਢਿੱਲਿਆਂ ਅਤੇ ਪਤਿਤ ਪ੍ਰਾਣੀਆਂ ਦੀ ਸੰਗਤ ਕਰਨੋਂ ਰੋਕਦੇ ਹੋਏ, ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ : ''ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਪਾਏ ॥'' (੧੩੬੯) ਭਾਵ ਕਿ ਢਿੱਲਿਆਂ ਦੀ ਸੰਗਤਿ ਕਰਨ ਨਾਲ ਢਿਲਿਆਈ ਹੀ ਪੱਲੇ ਪੈਣੀ ਹੈ । ਇਸ ਲਈ ਅਜਿਹੀ ਸੰਗਤ ਕਰਨੋਂ ਸੰਭਲਣਾ ਚਾਹੀਏ । ਚੰਗਿਆਂ ਦੀ ਸੰਗਤ ਤੋਂ ਚੰਗਿਆਈ ਮਿਲਦੀ ਹੈ ।

(ਠ) ਢਿਲਿਆਂ, ਪਤਿਤਾਂ ਅਥਵਾ ਬੇ-ਅੰਮ੍ਰਿਤੀਆਂ ਨੂੰ ਮਾਲਦਾਰ ਜਾਂ ਇਜ਼ਤਦਾਰ ਜਾਂ ਉੱਚ-ਕੋਟੀ ਦੀਆਂ ਸੰਸਾਰੀ ਪਦਵੀਆਂ ਤੇ ਬੈਠੇ ਹੋਏ ਵੇਖ ਕੇ ਮਨ ਵਿੱਚ ਝੂਰਨਾ ਨਹੀਂ ਚਾਹੀਦਾ । ਅਜਿਹਿਆਂ ਪੁਰਸ਼ਾਂ ਦੇ ਭਵਿੱਖ

ਬਾਰੇ ਗੁਰੂ ਜੀ ਫ਼ੁਰਮਾਉਂਦੇ ਹਨ :—"ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥ ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥" (੧੩੩੪) ਅਤੇ 'ਸਤਿਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ ॥ ਫਿਰਿ ਫਿਰਿ ਮਿਲਣੁ ਨ ਪਾਇਨੀ ਜੰਮਹਿ ਤੈ ਮਰਿ ਜਾਹਿ ॥" (੬੪੫)

(ਡ) ਗੁਰਸਿਖਾਂ ਦੀ ਅਗਵਾਈ ਹਿਤ ਕੁਝ ਹੋਰ ਇਸ਼ਾਰੇ—

੧. ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ॥ (ਪਾ: ੧੦)

੨. ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ......(੬੭੧)

੩. ...ਸਗਲ ਸੰਗਿ ਹਮ ਕਉ ਬਨਿਆਈ ॥ (੧੨੯੯)

੪. ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥ (੧੧੨੮)

੫. ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ ॥ (੧੦੯੩)

੬. ਗੁਰੂ ਤੋਂ ਬੇ-ਮੁਖਾਂ ਦੀ ਸੰਗਤ ਤੋਂ ਦੂਰ ਰਹਿਣ ਅਤੇ ਗੁਰੂ ਪਿਆਰਿਆਂ ਦੀ ਸੰਗਤ ਅਤੇ ਸੇਵਾ ਵਿੱਚ ਲੋਟ ਪੋਟ ਰਹਿਣ ਸੰਬੰਧੀ :—

"...ਸਾਕਤ ਸੰਗਿ ਨ ਛੁਟਸੀ ਰੀ ॥ (੫੩੫)

"ਮਾਗਉ ਦਾਨੁ ਕ੍ਰਿਪਾਲ ਕ੍ਰਿਪਾਨਿਧਿ ਮੇਰਾ ਮੁਖੁ ਸਾਕਤ ਸੰਗਿ ਨ ਜੁਟਸੀ ਰੇ ॥"

ਜਨ ਨਾਨਕ ਦਾਸ ਦਾਸ ਕੋ ਕਰੀਅਹੁ ਮੇਰਾ ਮੂੰਡੁ ਸਾਧ ਪਗਾ ਹੇਠਿ ਰੁਲਸੀ ਰੇ ॥ (੫੩੫-੩੬)

੭. "ਗੁਰਸਿਖਾ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ ॥" (੩੧੦) ਕਿਸੇ ਦੁਨੀਆਦਾਰ ਦੀ ਨਹੀਂ।

੮. ਜੋ ਸਿਖ ਗੁਰ ਕਾਰ ਕਮਾਵਹਿ ਹਉ ਗੁਲਮੁ ਤਿਨਾ ਕਾ ਗੋਲੀਆ ॥" (੩੧੧) ਹੋਰ ਕਿਸੇ ਦਾ ਨਹੀਂ।

੯. ਖੰਡੇ ਦੀ ਪਾਹੁਲ ਨਾ ਲੈਣ ਵਾਲਿਆਂ ਅਥਵਾ ਪਤਿਤ ਹੋ ਗਏ ਪ੍ਰਾਣੀਆਂ ਦੇ ਸੰਬੰਧ ਵਿੱਚ :

"ਸਤਿਗੁਰ ਬਾਝਹੁ ਗੁਰੁ ਨਹੀ ਕੋਈ, ਨਿਗੁਰੇ ਕਾ ਹੈ ਨਾਉ ਬੁਰਾ ॥" (੪੩੫)

"ਗੁਰ ਕੇ ਚਰਨ ਹਿਰਦੈ ਵਸਾਇ ਮੂੜੇ ਪਿਛਲੇ ਗੁਨਹ ਸਭ ਬਖਸਿ ਲਇਆ ।." (੪੩੫) (ਅੰਮ੍ਰਿਤ ਛਕਣ ਤੋਂ ਪਹਿਲੋਂ ਵਾਲੇ ਸਾਰੇ ਗੁਨਾਹ ਬਖਸ਼ੇ ਜਾਂਦੇ ਹਨ)।

੧੦. "ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸਿਆ ॥" (੫੧੯) (ਜਿਸ ਨੇ ਅੰਮ੍ਰਿਤ ਛਕਿਆ ਹੈ)।

੧੧. "ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ ॥ ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ ॥ ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤੁ ਪਾਵਨੁ ਹੋਇ ਜਾਵੈ ॥" (੮੫੪-੫੫) ਅੰਮ੍ਰਿਤ ਛਕਣ ਤੋਂ ਪਹਿਲੋਂ ਦੇ ਮੰਦੇ ਜੀਵਨ ਦਾ ਦ੍ਰਿਸ਼ ਦਿਖਾਇਆ ਹੈ, ਅਤੇ ਅੰਮ੍ਰਿਤ ਛਕਣ ਨਾਲ ਅਜਿਹਾ ਪ੍ਰਾਣੀ ਗੁਰੂ ਕਿਰਪਾ ਸਦਕਾ ਪਵਿੱਤਰ ਹੋ ਗਿਆ ਦਰਸਾਇਆ ਗਿਆ ਹੈ।

੧੨. ਗੁਰੂ ਸਾਹਿਬ ਜੀ ਦੇ ਹੁਕਮ ਕਿਸ ਤਰ੍ਹਾਂ ਮੰਨਣੇ ਚਾਹੀਦੇ ਹਨ :—

'ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥" (੬੪੯)

੧੩. "ਆਪਣਾ ਭਾਣਾ (ਮਨ-ਮਰਜ਼ੀ) ਤੁਮ ਕਰਹੁ ਤਾ ਫਿਰਿ ਸਹ ਖੁਸੀ ਨ ਆਵਏ ॥" (੪੪੦)

੧੪ "ਤੇਰਾ ਭਾਣਾ (ਗੁਰੂ ਦੀ ਮਰਜ਼ੀ) ਮੰਨੇ ਸੁ ਮਿਲੈ ਤੁਧੁ ਆਇ ॥" (੧੦੯੩)

੧੫. "ਮਨ ਮੇਰੇ ਸਤਿਗੁਰ ਕੈ ਭਾਣੈ (ਗੁਰੂ ਜੀ ਦੀ ਮਰਜ਼ੀ ਮੁਤਾਬਿਕ) ਚਲੁ ॥ ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥" (੩੭)

੧੬. ਜਿਸ ਕਰਨੀ ਕਰਕੇ ਮਨ ਵਿੱਚ ਵਿਕਾਰ ਪੈਦਾ ਹੁੰਦੇ ਹਨ ਉਹ ਕਰਨੀ ਜੀਵ ਨੂੰ ਖੁਆਰ ਕਰਦੀ ਹੈ, ਇਸ ਲਈ ਉਸ ਤੋਂ ਬਚਣ ਦੀ ਲੋੜ ਹੈ।

੧੭. ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ ॥ (੬੩੪)



www.AKJ.Org

ਖਾਣ-ਪੀਣ ਸੰਬੰਧੀ : ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ (੧੬)
ਪਹਿਨਣ ਸੰਬੰਧੀ : ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ (੧੬)
ਸਵਾਰੀ ਅਥਵਾ ਕੁਰਸੀ ਸੰਬੰਧੀ : ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ (੧੬)
ਆਰਾਮ ਕਰਨ ਸੰਬੰਧੀ : ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ (੧੭)

੧੮. ਕੱਚੇ ਗੁਰੂਆਂ ਦੀ ਚੇਲਗਿਰੀ ਸੰਬੰਧੀ :–
"ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥" (੫੮)
"ਕਾਚੇ ਗੁਰ ਤੇ ਮੁਕਤਿ ਨ ਹੂਆ ॥" (੯੩੨)
"ਸਤਿਗੁਰੁ ਬਾਝਹੁ ਗੁਰੁ ਨਹੀ ਕੋਈ......" (੪੩੫)
"ਨਾਨਕ ਗੁਰੂ ਗੁਰੂ ਹੈ ਪੂਰਾ ਮਿਲਿ ਸਤਿਗੁਰ ਨਾਮੁ ਧਿਆਇਆ ॥" (੮੮੨)
"ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ ॥" (੪੦)
"ਪੂਰੇ ਗੁਰ ਕਾ ਸੁਨਿ ਉਪਦੇਸੁ ॥" (੨੯੫) ਹੋਰ ਕਿਸੇ ਦਾ ਨਹੀਂ।
"ਬਿਨੁ ਗੁਰ ਪੂਰੇ ਨਾਹੀ ਉਧਾਰੁ ॥ ਬਾਬਾ ਨਾਨਕੁ ਆਖੈ ਏਹੁ ਬੀਚਾਰੁ ॥" (੮੮੬)

੧੯. ਗੁਰਬਾਣੀ ਸੰਬੰਧੀ :–
"ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥" (੯੨੦)
"ਪੂਰੇ ਗੁਰ ਕੀ ਪੂਰੀ ਬਾਣੀ ॥" (੧੦੭੪)
"ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਇ ॥" (੬੭)
"ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥" (੫੧੫)
"ਗੁਰਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥" (੯੮੨)
"ਅੰਮ੍ਰਿਤ ਬਾਣੀ ਅਮਿਉ ਰਸੁ ਅੰਮ੍ਰਿਤੁ ਹਰਿ ਕਾ ਨਾਉ ॥" (੯੬੧-੬੨)
"ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥" (੧੦੬੬)

੨੧. ਜਿਹੜੇ ਅੰਮ੍ਰਿਤਧਾਰੀ ਪਤਿਤ ਕਰਮ ਕਰ ਕੇ ਗੁਰੂ ਸਾਹਿਬ ਜੀ ਵੱਲੋਂ ਮੂੰਹ ਮੋੜ ਲੈਂਦੇ ਹਨ, ਉਨ੍ਹਾਂ ਸੰਬੰਧੀ :–
"ਸਤਿਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥ ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ ॥"(੩੦)

੨੨. ਅੰਮ੍ਰਿਤ ਤਿਆਰ ਕਰਨ ਸਮੇਂ ਪੰਜ ਪਿਆਰੇ ਇਨ੍ਹਾਂ ਪੰਜਾਂ ਬਾਣੀਆਂ ਦਾ ਕੰਠਾਗਰ ਪਾਠ ਕਰਦੇ ਹਨ : ਜਪੁਜੀ ਸਾਹਿਬ, ਜਾਪੁ ਸਾਹਿਬ, ਸੁਧਾ ਸਵਯੇ (ਸ੍ਰਾਵਗ ਸੁੱਧ ਸਮੂਹ......) ਚੌਪਈ ਸਾਹਿਬ (ਹਮਰੀ ਕਰੋ ਹਾਥ ਦੈ ਰੱਛਾ), ਅਤੇ ਅਨੰਦ ਸਾਹਿਬ (੪੦ ਪਉੜੀਆਂ)।

੨੩. ਵਿਵਹਾਰਕ ਇਸ਼ਾਰੇ–

( i ) ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ ॥ (੫੬੬) ਕਿਸੇ ਨੂੰ ਮਾੜਾ ਨਾ ਕਹੀਏ, ਕਿਸੇ ਦੀ ਬਦਖੋਈ ਨਾ ਕਰੀਏ। ਮੂੰਹੋਂ ਹਮੇਸ਼ਾ ਚੰਗੇ ਬਚਨ ਹੀ ਕਰੀਏ।

( ii ) "ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥" (੭੬੫-੬੬) ਦੂਸਰਿਆਂ ਨਾਲ ਉਨ੍ਹਾਂ ਦੇ ਗੁਣਾਂ ਦੀ ਸਾਂਝ ਰਖੀਏ, ਉਨ੍ਹਾ ਦੇ ਔਗੁਣਾਂ ਦੇ ਭਾਈਵਾਲ ਨਾ ਬਣੀਏ।

( iii ) "ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥" (੧੪੯) ਗੁਰਸਿਖ ਨੇ ਬੋਲਣਾ ਤਾਂ ਸੱਚ ਹੈ। ਪਰ ਹਾਲਾਤ ਦੇ ਮੁਤਾਬਿਕ ਜਿਥੇ ਅਜਿਹਾ ਸੱਚ ਵਿਗਾੜ ਪੈਦਾ ਕਰਦਾ ਨਜ਼ਰ ਆਵੇ ਓਥੇ ਚੁਪ ਚੰਗੀ, ਭਾਵ ਕਿ ਗੁਰਸਿਖ ਦੇ ਪੈਰੋਂ ਬੇ-ਰਸੀ ਪੈਦਾ ਨਾ ਹੋਵੇ।


www.AKJ.Org

# ਤਖਤਿ ਬਹੈ ਤਖਤੈ ਕੀ ਲਾਇਕ

[ਮਾਰੂ ਮਹਲਾ ੧—੧੦੩੯

[ਪ੍ਰੋਫੈਸਰ ਸਰਬਜੋਤ ਕੌਰ, ਗੌਰਮਿੰਟ ਕਾਲਜ, ਮੋਹਾਲੀ]

ਸਿਆਸਤ ਦੇ ਖਿਡਾਰੀਆਂ ਦੇ ਧਰਮ ਦੇ ਨਾਮ ਤੇ ਆਪਣੇ ਨਿੱਜੀ ਸੁਆਰਥ ਪੂਰੇ ਕਰਨ ਕਾਰਨ ਧਰਮ ਅਤੇ ਸਿਆਸਤ ਦੋਵੇਂ ਰੱਜ ਕੇ ਬਦਨਾਮ ਹੋਏ ਹਨ। ਨਤੀਜਾ ਇਹ ਨਿਕਲਿਆ ਹੈ ਕਿ ਕੁਝ ਲੋਕ ਧਰਮ ਤੋਂ ਇਨਕਾਰੀ ਹੋ ਕੇ ਕੇਵਲ ਸਿਆਸਤਦਾਨ ਬਣ ਗਏ ਹਨ ਅਤੇ ਕੁਝ ਸਿਆਸਤ ਨੂੰ 'ਡਰਟੀ ਗੇਮ' (ਗੰਦੀ ਖੇਡ) ਕਹਿ ਕੇ ਇਸ ਤੋਂ ਮੂੰਹ ਮੋੜ ਗਏ ਹਨ। ਹੁਣ ਹਾਲਤ ਇਹ ਹੋ ਗਈ ਹੈ ਕਿ ਸਿਆਸਤ ਦੇ ਮੈਦਾਨ ਵਿਚ ਕੇਵਲ ਉਹ ਪੁਰਸ਼ ਹੀ ਨਿਤਰਦੇ ਹਨ ਜਿਨ੍ਹਾਂ ਦਾ ਨਿਸ਼ਾਨਾ ਕੇਵਲ ਸੁਆਰਥ ਪੂਰਾ ਕਰਨਾ ਹੁੰਦਾ ਹੈ। ਸਿਆਸਤ ਦੇ ਰਸਤੇ ਦੇਸ਼ ਦੀ ਰਾਜਸੀ ਤਾਕਤ ਹਥਿਆਈ ਜਾਂਦੀ ਹੈ ਤੇ ਫਿਰ ਉਸ ਤਾਕਤ ਦੁਆਰਾ ਹਰ ਪ੍ਰਕਾਰ ਦੀ ਖ਼ੁਦਗਰਜ਼ੀ ਪੂਰੀ ਕੀਤੀ ਜਾਂਦੀ ਹੈ। ਇਹ ਹਾਲਤ ਦੇਖ ਕੇ ਪ੍ਰਸ਼ਨ ਉੱਠਦਾ ਹੈ ਕਿ ਕੀ ਸਚਮੁਚ ਹੀ ਧਰਮ ਅਤੇ ਸਿਆਸਤ ਦੇ ਕਰਮ-ਖੇਤਰ ਅੱਡ ਅੱਡ ਹਨ ? ਜੇ ਹਨ ਤਾਂ ਇਕ ਸਿਆਸਤਦਾਨ ਵਿਚ ਕੀ ਗੁਣ ਹੋਣੇ ਚਾਹੀਦੇ ਹਨ ਕਿ ਉਹ ਜਿਸ ਤਖ਼ਤ ਤੇ ਬੈਠਾ ਹੈ ਉਸ ਦੇ ਲਾਇਕ ਬਣ ਸਕੇ। ਜੇ ਨਹੀਂ ਤਾਂ ਧਰਮ ਤੇ ਸਿਆਸਤ ਕਿਵੇਂ ਅੰਤਰ-ਸੰਬੰਧਿਤ ਹਨ ? ਇਹਨਾਂ ਪ੍ਰਸ਼ਨਾਂ ਦੇ ਉੱਤਰ ਹਾਸਲ ਕਰਨ ਲਈ ਆਉ ਆਪਣਾ ਪਿੱਛਾ ਫਰੋਲੀਏ ਅਤੇ ਆਪਣੇ ਬਜ਼ੁਰਗਾਂ ਦੇ ਕਥਨਾਂ ਨੂੰ ਵਾਚੀਏ।

ਗੁਰੂ ਨਾਨਕ ਆਗਮਨ ਤੋਂ ਪਹਿਲਾਂ ਦੀਆਂ ਤਿੰਨ ਸਦੀਆਂ ਨੂੰ ਕਾਲੀਆਂ ਸਦੀਆਂ ਕਿਹਾ ਜਾਂਦਾ ਹੈ। ਉਸ ਸਮੇਂ ਸਾਰਾ ਹਿੰਦੁਸਤਾਨ ਹਰ ਪੱਖੋਂ (ਕੀ ਰਾਜਨੀਤਿਕ, ਕੀ ਸਮਾਜਿਕ, ਕੀ ਧਾਰਮਿਕ) ਹਨੇਰੇ ਵਿਚ ਹੱਥ-ਪੈਰ ਮਾਰ ਰਿਹਾ ਸੀ। ਬਾਹਰਲੇ ਹਮਲਾਵਰਾਂ ਨੇ ਦੇਸ਼ ਨੂੰ ਗੁਲਾਮ ਬਣਾ ਕੇ ਇਥੋਂ ਦੀ ਪਰਜਾ ਤੇ ਅਤਿਆਚਾਰ ਕਰਨੇ ਆਰੰਭ ਦਿਤੇ ਸਨ। ਹਿੰਦੁਸਤਾਨੀਆਂ ਦੇ ਕਮਜ਼ੋਰ ਹੋਣ ਕਾਰਨ ਉਹਨਾਂ ਧਾੜਵੀਆਂ ਨੇ ਸਹਿਜੇ ਹੀ ਦੇਸ਼ ਨੂੰ ਆਪਣੇ ਅਧੀਨ ਕਰ ਲਿਆ ਸੀ ਤੇ ਇਸ ਜਿੱਤ ਦੇ ਨਸ਼ੇ ਨੇ ਉਹਨਾਂ ਨੂੰ ਆਪਣੀ ਹਸਤੀ, ਧਰਮ, ਕਰਤੱਵ ਸਭ ਭੁਲਾ ਦਿਤੇ ਸਨ। ਰਾਜੇ ਦਾ ਪ੍ਰਭਾਵ ਪਰਜਾ ਉਤੇ ਪੈਂਦਾ ਹੀ ਹੈ, ਯਥਾ ਰਾਜਾ ਤਥਾ ਪਰਜਾ। ਗੁਰੂ ਸਾਹਿਬ ਦੇ ਅਵਤਾਰ ਧਾਰਨ ਸਮੇਂ ਰਾਜੇ ਅਤੇ ਪਰਜਾ ਦੋਵੇਂ ਹੀ ਧਰਮ ਦੇ ਸਹੀ ਸਰੂਪ ਤੋਂ ਬੇਮੁਖ ਹੋ ਕੇ ਭਟਕ ਰਹੇ ਸਨ। ਰਾਜੇ ਅਤੇ ਉਹਨਾਂ ਦੇ ਮੁਕੱਦਮ ਕਸਾਈ ਬਣੇ ਹੋਏ ਸਨ ਅਤੇ "ਪਰਜਾ ਅੰਧੀ ਗਿਆਨ ਬਿਨ"* ਦੀ ਹਾਲਤ "ਹਉ ਭਾਲਿ ਵਿਕੁੰਨੀ ਹੋਈ, ਆਧੇਰੈ ਰਾਹੁ ਨ ਕੋਈ"† ਵਾਲੀ ਸੀ। ਭਾਈ ਗੁਰਦਾਸ ਜੀ ਉਸ ਸਮੇਂ ਦੀ ਅਵਸਥਾ ਦਾ ਚਿਤਰਨ ਕਰਦੇ ਲਿਖਦੇ ਹਨ—

ਚਾਰਿ ਵਰਨ ਚਾਰਿ ਮਜਹਬਾ ਜਗ ਵਿਚਿ ਹਿੰਦੂ ਮੁਸਲਮਾਣੇ ॥
ਖੁਦੀ ਬਖੀਲਿ ਤਕਬਰੀ ਖਿੰਚੋਤਾਣ ਕਰੇਨਿ ਧਿਙਾਣੇ ॥

* ਭਾਈ ਗੁਰਦਾਸ ਜੀ ਵਾਰ ੧, ਪਉੜੀ ੩੦। † ਸਲੋਕੁ ਮ: ੧, ਪੰਨਾ ੧੪੨

---

੨੪. ਅੰਮ੍ਰਿਤ ਛਕਣ ਬਾਅਦ ਜੇ ਕੋਈ ਸਿੱਖ ਜਾਣ ਬੁੱਝ ਕੇ ਕੋਈ ਕੁਰਹਿਤ ਕਰਦਾ ਹੈ ਜਾਂ ਗੁਰੂ ਸਾਹਿਬ ਜੀ ਦੇ ਕਿਸੇ ਵੀ ਹੁਕਮ ਦੀ ਅਦੂਲੀ ਕਰਦਾ ਹੈ ਤਾਂ ਗੁਰੂ ਸਾਹਿਬ ਜੀ ਅਜਿਹੇ ਪ੍ਰਾਣੀ ਸੰਬੰਧੀ ਕਹਿੰਦੇ ਹਨ :—
ਅਪਨੀ ਪਰਤੀਤਿ ਆਪ ਹੀ ਖੋਵੈ ॥ ਬਹੁਰਿ ਉਸ ਕਾ ਬਿਸ੍ਵਾਸੁ ਨ ਹੋਵੈ ॥" (੨੬੮)
ਤਥਾ "ਜਬ ਇਹ ਗਹੈ ਬਿਪ੍ਰਨ ਕੀ ਰੀਤਿ ॥ ਮੈਂ ਨ ਕਰੋਂ ਇਨ ਕੀ ਪ੍ਰਤੀਤ ॥"

ਨੋਟ :—ਇਸ ਰਹਿਤਨਾਮੇ ਨੂੰ ਟ੍ਰੈਕਟ ਦੇ ਰੂਪ ਵਿਚ ਛਾਪਣ ਦਾ ਵਿਚਾਰ ਹੈ। ਇਸ ਲਈ ਸਮੂਹ ਗੁਰਸਿੱਖਾਂ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਗੁਰਬਾਣੀ ਦੇ ਅਧਾਰ ਤੇ, ਇਸ ਰਹਿਤਨਾਮੇ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਹਿੱਤ ਆਪਣੇ ਆਪਣੇ ਸ਼ੁਭ ਵਿਚਾਰ ਦਾਸ ਨੂੰ ਭੇਜ ਕੇ ਕਿਰਤਾਰਥ ਕਰਨਾ ਜੀਉ।



www.AKJ.Org

ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ ॥
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ ॥
ਰਾਮ ਰਹੀਮ ਕਹਾਇਦੇ, ਇਕੁ ਨਾਮੁ ਦੁਇ ਰਾਹ ਭੁਲਾਣੇ ॥
ਬੇਦ ਕਤੇਬ ਭੁਲਾਇ ਕੈ, ਮੋਹੇ ਲਾਲਚ ਦੁਨੀ ਸੈਤਾਣੇ ॥
ਸਚੁ ਕਿਨਾਰੇ ਰਹਿ ਗਇਆ, ਖਹਿ ਮਰਦੇ ਬਾਹਮਣ ਮਉਲਾਣੇ ॥
ਸਿਰੋ ਨ ਮਿਟੇ ਆਵਣ ਜਾਣੇ ॥੨੧॥ (ਵਾਰ ੧, ਪਉੜੀ ੨੧)

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ ॥
ਰਾਜੇ ਪਾਪ ਕਮਾਵਦੇ, ਉਲਟੀ ਵਾੜ ਖੇਤ ਕਉ ਖਾਈ ॥
ਪਰਜਾ ਅੰਧੀ ਗਿਆਨ ਬਿਨੁ, ਕੂੜੁ ਕੁਸਤੁ ਮੁਖਹੁ ਆਲਾਈ ॥
ਚੇਲੇ ਸਾਜ ਵਜਾਇਦੇ, ਨਚਨਿ ਗੁਰੂ ਬਹੁਤੁ ਬਿਧਿ ਭਾਈ ॥
ਸੇਵਕ ਬੈਠਨਿ ਘਰਾ ਵਿਚਿ, ਗੁਰ ਉਠਿ ਘਰੀ ਤਿਨਾੜੇ ਜਾਈ ॥
ਕਾਜੀ ਹੋਏ ਰਿਸਵਤੀ, ਵਢੀ ਲੈ ਕੇ ਹਕ ਗਵਾਈ ॥
ਇਸਤ੍ਰੀ ਪੁਰਖੈ ਦਾਮ ਹਿਤੁ ਭਾਵੈ ਆਇ ਕਿਥਾਊ ਜਾਈ ॥
ਵਰਤਿਆ ਪਾਪ ਸਭਸ ਜਗ ਮਾਹੀ ॥੩੦॥ (ਵਾਰ ੧, ਪਉੜੀ ੩੦)

ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਬਾਬਰ ਨੇ ਹਿੰਦੁਸਤਾਨ ਤੇ ਹਮਲਾ ਕੀਤਾ ਅਤੇ ਸਹਿਜੇ ਹੀ ਇਸ ਦੇਸ਼ ਨੂੰ ਆਪਣੇ ਅਧੀਨ ਕਰ ਲਿਆ। ਗੁਰੂ ਸਾਹਿਬ ਨੇ ਉਸ ਦੇ ਅਤਿਆਚਾਰਾਂ ਨੂੰ ਅੱਖੀਂ ਦੇਖਿਆ ਤੇ ਹੱਡੀਂ ਹੰਢਾਇਆ। ਦਰਦ ਭਰੀ ਆਵਾਜ਼ ਵਿਚ ਦਰਦ-ਭਿੱਜੀ ਅਰਜ਼ੋਈ ਪ੍ਰਭੂ ਦਰ ਤੇ ਕੀਤੀ ਅਤੇ ਸਾਰੇ ਦੇਸ਼-ਵਾਸੀਆਂ ਨੂੰ ਨਿਮਾਣਾ, ਨਿਤਾਣਾ, ਸਹਿਮਿਆ, ਡਰਿਆ ਦੇਖ ਕੇ ਉਨ੍ਹਾਂ ਦੀ ਪੁਕਾਰ ਪ੍ਰਭੂ ਤਕ ਇਉਂ ਪਹੁੰਚਾਈ—

ਏਤੀ ਮਾਰ ਪਈ ਕਰਲਾਣੈ ਤੈਂ ਕੀ ਦਰਦੁ ਨ ਆਇਆ ॥੧॥੫॥੩੯॥
(ਆਸਾ ਮਹਲਾ ੧, ਪੰਨਾ ੩੬੦)

ਬਾਬਰਵਾਣੀ ਦੇ ਸਾਰੇ ਸ਼ਬਦ ਬਾਬਰ ਕਿਆਂ ਵਿਰੁੱਧ ਰੰਜ ਅਤੇ ਅਫ਼ਸੋਸ ਪ੍ਰਗਟ ਕਰਦੇ ਹਨ। ਇਹਨਾਂ ਸ਼ਬਦਾਂ ਵਿਚ ਗੁਰੂ ਸਾਹਿਬ ਨੇ ਬਾਬਰ ਕਿਆਂ ਵਾਸਤੇ 'ਕੁੱਤੇ' ਤੇ 'ਸ਼ੀਂਹ' ਆਦਿ ਸ਼ਬਦ ਵਰਤੇ ਹਨ। ਬੇਹੱਦ ਕੋਮਲ ਅਤੇ ਨਰਮ ਹਿਰਦੇ ਵਾਲੇ ਗੁਰੂ ਸਾਹਿਬ ਦੇ ਮੂੰਹੋਂ ਅਜਿਹੇ ਸ਼ਬਦਾਂ ਦਾ ਨਿਕਲਣਾ ਬਾਬਰ ਦੁਆਰਾ ਕੀਤੇ ਅਤਿ ਦੇ ਜ਼ੁਲਮਾਂ ਦਾ ਲਖਾਇਕ ਹੈ। ਗੁਰੂ ਸਾਹਿਬ ਬਾਬਰ-ਵਿਰੋਧੀ ਨਹੀਂ ਸਨ ਅਤੇ ਨਾ ਹੀ ਕਿਸੇ ਦੇਸ਼ ਜਾਂ ਕੌਮ ਦੇ ਵਿਰੋਧੀ। ਪਰ ਜਦ ਉਹਨਾਂ ਨੇ ਬਾਬਰ ਨੂੰ ਜਮ ਦੇ ਰੂਪ ਵਿਚ ਹਿੰਦ ਦੀ ਆਫ਼ਤ ਲਈ ਆਉਂਦੇ ਦੇਖਿਆ ਤਾਂ ਆਪ ਰਹਿ ਨਾ ਸਕੇ ਅਤੇ ਅਤਿਆਚਾਰ ਵਿਰੁੱਧ ਆਵਾਜ਼ ਉਠਾਈ। ਗੁਰੂ ਸਾਹਿਬ ਕੋਈ ਸਿਆਸਤਦਾਨ ਨਹੀਂ ਸਨ, ਪਰ ਇਕ ਧਰਮੀ ਪੁਰਖ ਦੇ ਕਰਤੱਵ ਦੀ ਪਾਲਣਾ ਕਰਦੇ ਹੋਏ ਇਹ ਆਵਾਜ਼ ਉਠਾਏ ਬਿਨਾਂ ਰਹਿ ਵੀ ਨਾ ਸਕੇ। ਰਾਜੇ ਦਾ ਕੰਮ ਪਰਜਾ ਦੀ ਪਾਲਣਾ ਕਰਨਾ ਹੁੰਦਾ ਹੈ, ਅਤਿਆਚਾਰ ਕਰਨਾ ਨਹੀਂ।

ਰਾਜ-ਦਰਬਾਰ ਦੇ ਕੰਮਾਂ ਵਿਚ ਪੰਚ ਜਨ ਹੀ ਸੋਭਦੇ ਹਨ। ਪਰ ਜਦੋਂ ਹਾਕਮ ਹੀ ਬੇਧਰਮੇ ਹੋ ਕੇ ਮਨਮਾਨੀਆਂ ਕਰਨ ਲਗ ਪੈਣ ਤਾਂ ਉਹ, ਗੁਰੂ ਸਾਹਿਬ ਦੇ ਸ਼ਬਦਾਂ ਵਿਚ, ਰਾਜੇ ਸ਼ੀਂਹ ਤੇ ਮੁਕੱਦਮ ਕੁੱਤੇ ਹੋਣਗੇ। ਸਿਆਸਤਦਾਨ ਵਾਸਤੇ ਆਪਣੇ ਧਰਮ ਨੂੰ ਸਮਝਣਾ, ਆਪਣੇ ਫ਼ਰਜ਼ ਦੀ ਪਾਲਣਾ ਆਵੱਸ਼ਕ ਹੈ। ਧਰਮ ਨਿਰੇ ਪਾਠ ਪੂਜਾ ਦਾ ਨਾਂ ਨਹੀਂ, ਜੋ ਗੁਰਦੁਆਰਿਆਂ, ਮੰਦਰਾਂ, ਮਸਜਿਦਾਂ ਵਿਚ ਦ੍ਰਿੜ੍ਹ ਕੀਤਾ ਜਾਂਦਾ ਹੈ। ਸਗੋਂ ਧਰਮ ਇਕ ਅਮਲੀ ਕਰਤੱਵ ਹੈ। ਧਰਮ ਜ਼ਿੰਦਗੀ ਦੀਆਂ ਅਟੱਲ ਕੀਮਤਾਂ ਵਿਚ ਵਿਸ਼ਵਾਸ ਤੇ ਉਹਨਾਂ ਨੂੰ ਅਨੁਭਵ ਕਰਨ ਦਾ ਮਾਰਗ ਹੈ, ਜੀਵਨ-ਰੌ ਨਾਲ ਆਪਣੇ ਆਪ ਨੂੰ ਸੰਬੰਧਿਤ ਕਰ ਕੇ ਇਸ ਦੀ ਉਪਜਾਊ ਉਨਤੀ ਵਿਚ ਭਾਗ ਲੈਣਾ ਹੈ। ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨੂੰ ਸਮਝਾਉਂਦੇ ਹੋਏ ਕਿਹਾ—


www.AKJ.Org

"ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ ॥" [ਵਾਰ ੧, ਪਉੜੀ ੨੯

ਸਿੱਧ, ਭਾਵ, ਧਰਮੀ ਪੁਰਖ ਜੇ ਪਰਬਤਾਂ ਵਿਚ ਜਾ ਛੁਪਣਗੇ ਤਾਂ ਰਾਜ ਭਾਗ ਆਪਣੇ ਆਪ ਅਧਰਮੀ ਤੇ ਜ਼ਾਲਮ ਲੋਕਾਂ ਹੱਥ ਆ ਜਾਏਗਾ, ਜਿਸ ਦੇ ਫਲ-ਸਰੂਪ ਲੋਕਾਈ ਗਿਰਾਵਟ ਦੀ ਡੂੰਘੀ ਖੱਡ ਵਿਚ ਜਾ ਡਿੱਗੇਗੀ। ਸਿਧਾਂ ਦੇ ਰਾਜ ਭਾਗ ਦੇ ਕੰਮਾਂ ਵਿਚ ਹਿੱਸਾ ਲੈਣ ਦੀ ਜ਼ਰੂਰਤ ਮਹਿਸੂਸ ਕਰ ਕੇ ਹੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ। ਅਕਾਲ ਤਖ਼ਤ ਦੀ ਸਥਾਪਨਾ ਕਰਕੇ ਤਖ਼ਤ ਤੇ ਬੈਠਣ ਵਾਲੇ ਲਈ ਧਰਮੀ ਅਤੇ ਸਿਆਸਤਦਾਨ ਦੋਨੋਂ ਬਣਨਾ ਜ਼ਰੂਰੀ ਕੀਤਾ। **ਕੇਵਲ ਪੀਰੀ ਮਨੁੱਖ ਨੂੰ ਕਮਜ਼ੋਰ ਬਣਾ ਦੇਂਦੀ ਹੈ ਅਤੇ ਕੇਵਲ ਮੀਰੀ ਜ਼ਾਲਮ। ਇਸੇ ਲਈ ਤਖ਼ਤ ਤੇ ਬੈਠਣ ਵਾਲੇ ਵਿਚ ਦੋਹਾਂ ਦਾ ਸੁੰਦਰ ਸੁਮੇਲ ਆਵਸ਼ਕ ਹੈ।** ਸੁਕਰਾਤ ਨੇ ਇਕ ਥਾਂ ਲਿਖਿਆ ਹੈ, "ਕੀ ਇਹ ਸ਼ਰਮਨਾਕ ਗੱਲ ਨਹੀਂ ਕਿ ਆਦਮੀਆਂ ਉਤੇ ਉਹ ਲੋਕ ਰਾਜ ਕਰਨ ਜੋ ਕੇਵਲ ਵਖਿਆਨੀ ਹਨ।" (Is it not shameful that man shoued be ruled by mere orator.) । ਸੁਕਰਾਤ ਕਹਿਣਾ ਚਾਹੁੰਦਾ ਹੈ ਕਿ ਰਾਜੇ ਕੇਵਲ ਵਖਿਆਨੀ ਹੀ ਨਾ ਹੋਣ, ਸਗੋਂ ਉੱਚੇ ਸੁੱਚੇ ਜੀਵਨ ਵਾਲੇ ਵੀ ਹੋਣ। ਪੀਰੀ ਦੇ ਗੁਣ ਉਹਨਾਂ ਅੰਦਰ ਮੌਜੂਦ ਹੋਣੇ ਜ਼ਰੂਰੀ ਹਨ। ਉਹ ਕਥਨੀ-ਕਰਨੀ ਵਿਚ ਇਕ, ਸੱਚ-ਝੂਠ ਦੀ ਪਹਿਚਾਣ ਕਰਨ ਵਾਲੇ, ਵੈਰ-ਵਿਰੋਧ ਦੀ ਭਾਵਨਾ ਤੋਂ ਨਿਰਲੇਪ ਅਤੇ 'ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ"* ਦੇ ਅਸੂਲ ਦੇ ਧਾਰਨੀ ਹੋਣੇ ਜ਼ਰੂਰੀ ਹਨ। ਅਜਿਹੇ ਰਾਜੇ ਹੀ ਰਾਮ ਰਾਜ ਲਿਆ ਸਕਦੇ ਹਨ। ਅੱਜ ਕਲ੍ਹ ਆਮ ਚਰਚਾ ਹੈ ਕਿ ਰਾਜਾ ਸੈਕੂਲਰ (ਧਰਮ-ਨਿਰਪੇਖ) ਹੋਣਾ ਚਾਹੀਦਾ ਹੈ। ਠੀਕ ਹੈ, ਸੈਕੂਲਰ ਹੋਵੇ ਪਰ ਸੈਕੂਲਰ ਹੋਣ ਦਾ ਭਾਵ ਅਧਰਮੀ ਹੋਣਾ ਨਹੀਂ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਸਿੱਖ-ਰਾਜ-ਸਿਧਾਂਤ ਵਿਚ ਧਰਮ-ਨਿਰਪੱਖਤਾ ਪਹਿਲੇ ਦਿਨ ਤੋਂ ਹੀ ਲੈ ਆਂਦੀ ਸੀ। ਡਾ: ਜਸਬੀਰ ਸਿੰਘ ਆਹਲੂਵਾਲੀਆ ਸਿੱਖੀਅਤ ਤੇ ਸੈਕੂਲਰਤਾ ਦੀ ਗੱਲ ਕਰਦੇ ਲਿਖਦੇ ਹਨ—

> "ਜੇਕਰ ਅਸੀਂ ਵੱਖੋ ਵੱਖਰੇ ਧਰਮਾਂ ਦੇ ਰਾਜ-ਸਿਧਾਂਤਾਂ ਨੂੰ ਵਾਚੀਏ ਤਾਂ ਸਿੱਖੀਅਤ ਤੇ ਸੈਕੂਲਰਤਾ ਦਾ ਸੰਬੰਧ ਸੁਚੱਜੇ ਢੰਗ ਨਾਲ ਸਪਸ਼ਟ ਹੋ ਜਾਏਗਾ। ਬੁਨਿਆਦੀ ਨੁਕਤਾ ਹਲਤਮੁਖੀ (temporal) ਅਤੇ ਪਲਤਮੁਖੀ (spiritual) ਪ੍ਰਭੁਤਾ (sovereignty) ਦੇ ਆਪਸੀ ਸੰਬੰਧ ਦਾ ਹੈ। ਈਸਾਈ ਰਾਜ-ਵਿਧਾਨ ਦਾ ਇਕ ਮੁਖ ਰੂਪ ਅਜਿਹਾ ਰਿਹਾ ਹੈ ਜਿਸ ਵਿਚ ਪੋਪ ਹਲਤ-ਮੁਖੀ ਪ੍ਰਭੁਤਾ ਨੂੰ ਪਲਤਮੁਖੀ ਪ੍ਰਭੁਤਾ ਦੇ ਅਧੀਨ ਤਸੱਵਰ ਕਰਦਾ ਹੋਇਆ ਆਪਣੇ ਆਪ ਨੂੰ ਦੁਨਿਆਵੀ ਹਾਕਮਾਂ ਤੋਂ ਉਪਰ ਮੰਨਦਾ ਸੀ ਤੇ ਇਸ ਤਰ੍ਹਾਂ ਆਪਣੀ ਈਨ ਮਨਾਉਂਦਾ ਸੀ। ਮੁਸਲਿਮ ਰਾਜ-ਵਿਧਾਨ ਦੇ ਮੁਖ ਰੂਪ ਵਿਚ ਹਲਤਮੁਖੀ ਤੇ ਪਲਤਮੁਖੀ ਪ੍ਰਭੁਤਾ ਦੋਵੇਂ ਇਕ ਵਿਅਕਤੀ (ਖ਼ਲੀਫ਼ਾ) ਉਤੇ ਕੇਂਦ੍ਰਿਤ ਸਨ, ਅਰਥਾਤ ਖ਼ਲੀਫ਼ਾ ਦੁਨਿਆਵੀ ਅਤੇ ਅਧਿਆਤਮਿਕ ਤਾਕਤਾਂ ਦਾ ਮਾਲਕ ਹੁੰਦਾ ਸੀ। ਕਲਾਸਕੀ ਹਿੰਦੂ-ਰਾਜ ਵਿਧਾਨ ਵਿਚ ਅਧਿਆਤਮਿਕ ਪ੍ਰਭੁਤਾ ਈਸਾਈਅਤ ਜਾਂ ਇਸਲਾਮ ਵਾਂਗ ਇਕ 'ਵਅਕਤੀ ਰਾਹੀਂ ਨਹੀਂ ਸੀ ਵਿਚਰਦੀ, ਸਗੋਂ ਪ੍ਰੋਹਿਤ ਸ਼੍ਰੇਣੀ (ਬ੍ਰਾਹਮਣ) ਰਾਹੀਂ ਅਮਲ ਵਿਚ ਆਉਂਦੀ ਸੀ। ਇਹ ਸ਼੍ਰੇਣੀ ਦੁਨਿਆਵੀ ਰਾਸ਼ਟਰ ਤੇ ਬਾਹਰੋਂ ਜਾਂ ਉਪਰੋਂ ਅਸਰ-ਅੰਦਾਜ਼ ਨਹੀਂ ਸੀ ਹੁੰਦੀ, ਸਗੋਂ ਅੰਦਰੋਂ ਰਾਸ਼ਟਰ ਦੇ ਤਾਣੇ-ਪੇਟੇ ਨੂੰ ਪ੍ਰਭਾਵਿਤ ਕਰਦੀ ਸੀ। ਉਪ-ਰੋਕਤ ਰਾਜ-ਸਿਧਾਂਤਾਂ ਦੇ ਉਲਟ ਸਿੱਖ-ਰਾਜ-ਸਿਧਾਂਤ ਦੇ ਆਦਰਸ਼ਕ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਵਲੋਂ ਅਧਿਆਤਮਕ ਪ੍ਰਭੁਤਾ (spiritual sovereignty) ਗੁਰੂ ਗ੍ਰੰਥ ਸਾਹਿਬ ਨੂੰ ਦਿਤੀ ਗਈ। ਦੁਨਿਆਵੀ ਪ੍ਰਭੁਤਾ (Temporal sovereignty) ਪੰਜਾਂ ਪਿਆਰਿਆਂ ਰਾਹੀਂ ਖਾਲਸੇ ਨੂੰ ਪ੍ਰਦਾਨ ਕੀਤੀ ਗਈ। ਹਲਤ-ਮੁਖੀ ਤੇ ਪਲਤ-ਮੁਖੀ ਪ੍ਰਭੁਤਾ ਨੂੰ ਇਉਂ ਅੱਡਰਾ ਅੱਡਰਾ (ਪਰ ਅੰਤਰ-ਸੰਬੰਧਿਤ) ਕਰ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ-ਰਾਜ-ਸਿਧਾਂਤ ਨੂੰ ਆਰੰਭ ਤੋਂ ਹੀ ਸੈਕੂਲਰ ਰੂਪ ਦੇ ਦਿਤਾ ਹੈ। ਮੀਰੀ-ਪੀਰੀ ਦੀ ਪਰਪਰਾ (ਦੋ ਅੱਡੋ ਅੱਡਰੀਆਂ, ਪਰ ਅੰਤਰ ਸੰਬੰਧਿਤ ਕਿਰਪਾਨਾਂ) ਦਾ ਵੀ ਇਹੋ ਅਰਥ ਹੈ। ਮੋਟੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸੰਕਲਪੇ ਸਿੱਖ-ਰਾਜ-ਸਿਧਾਂਤ ਵਿਚ ਮਜ਼ਬ ਦੀਆਂ ਸੰਸਥਾਵਾਂ ਤੇ



www.AKJ.Org

ਰਾਜ ਦੀਆਂ ਸੰਸਥਾਵਾਂ ਵੱਖੋ ਵਖਰੀਆਂ ਹਨ, ਇਕ ਦੂਸਰੇ ਦੇ ਅਧੀਨ ਨਹੀਂ। ਪਰ ਕਿਉਂਕਿ ਰਿਸ਼ਤਾ ਅੰਤਰ-ਸੰਬੰਧਤਾ ਦਾ ਹੈ ਇਸ ਲਈ ਰਾਜ ਦੀਆਂ ਸੰਸਥਾਵਾਂ ਤੇ ਧਰਮ ਦੀਆਂ ਸੰਸਥਾਵਾਂ ਇਕ ਦੂਸਰੇ ਦੀਆਂ ਪੂਰਕ ਹਨ। ਇਕ ਦੂਸਰੇ ਤੋਂ ਸ਼ਕਤੀਆਂ ਪ੍ਰਾਪਤ ਕਰਦੀਆਂ ਹਨ, ਕਿਉਂਕਿ ਸੈਕੂਲਰ (ਧਰਮ-ਨਿਰਪੇਖ) ਹੋਣ ਦਾ ਅਰਥ ਅਧਰਮੀ ਹੋਣਾ ਨਹੀਂ।''

ਸੋ ਤਖਤ ਤੇ ਬੈਠਣ ਵਾਲਾ ਸੈਕੂਲਰ ਤਾਂ ਹੋਵੇ, ਅਧਰਮੀ ਨਹੀਂ। ਜਿਥੇ ਉਹ ਅਧਰਮੀ ਬਣ ਗਿਆ ਉਥੇ ਦੇਸ਼ ਦਾ ਉਹੋ ਹਾਲ ਹੋ ਜਾਇਗਾ ਜੋ ਮੁਗਲਾਂ ਸਮੇਂ ਸੀ, ਜਾਂ ਜੋ ਆਜ਼ਾਦੀ ਤੋਂ ਪਹਿਲਾਂ ਸੀ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ 'ਉਲਟੀ ਵਾੜ ਖੇਤ ਕਉ ਖਾਈ' ਦੀ ਅਵਸਥਾ ਦੇਖ ਕੇ ਰਾਜਿਆਂ ਲਈ ਧਰਮੀ ਹੋਣਾ ਜ਼ਰੂਰੀ ਦਸਿਆ :

''ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ'' ॥੬॥ [ਮਾਰੂ ਵਾਰ ਮ: ੩–੧੦੮੮

ਕਹਿੰਦੇ ਨੇ, ਔਰੰਗਜ਼ੇਬ ਨੇ ਇਕ ਵਾਰ ਆਪਣੇ ਉਸਤਾਦ ਮੁਲਾਂ ਸਾਹੇ ਨੂੰ ਲਿਖਿਆ—

''ਤੂੰ ਮੇਰੇ ਪਿਤਾ ਸ਼ਾਹ ਜਹਾਨ ਨੂੰ ਯਕੀਨ ਦਿਵਾਇਆ ਸੀ ਕਿ ਤੂੰ ਮੈਨੂੰ ਫਿਲਾਸਫੀ ਪੜ੍ਹਾਏਂਗਾ। ਮੈਨੂੰ ਭਲੀ ਭਾਂਤ ਯਾਦ ਹੈ ਕਿ ਠੀਕ ਇਵੇਂ ਹੀ ਤੂੰ ਕਈ ਸਾਲ ਮੇਰਾ ਮਨ ਐਸੇ ਹਵਾਈ ਖ਼ਿਆਲਾਂ ਵਿਚ ਉਲਝਾ ਛਡਿਆ, ਜੋ ਨਾ ਦਿਲਚਸਪ ਸਨ ਤੇ ਨਾ ਹੀ ਮਾਨਵ-ਜੀਵਨ ਲਈ ਲਾਭਦਾਇਕ। ਤੇਰੇ ਥੋਥੇ ਵਿਚਾਰਾਂ ਤੇ ਕਿਆਸ-ਉਡਾਰੀਆਂ ਦੀ ਇਕੋ ਖ਼ਾਸੀਅਤ ਸੀ : ਉਹਨਾਂ ਨੂੰ ਸਮਝਣਾ ਕਠਨ ਸੀ ਤੇ ਭੁਲਾਉਣਾ ਔਖਾ। ਕੀ ਤੂੰ ਮੈਨੂੰ ਇਹ ਭੀ ਸਿਖਲਾਉਣ ਦਾ ਯਤਨ ਕੀਤਾ ਕਿ ਸ਼ਹਿਰ ਨੂੰ ਘੇਰਾ ਕਿਵੇਂ ਪਾਇਆ ਜਾਏ ਅਤੇ ਫ਼ੌਜਾਂ ਕਿਵੇਂ ਲੜਾਈਆਂ ਜਾਣ ? ਇਸ ਵਿਦਿਆ ਲਈ ਮੈਂ ਹੋਰ ਵਿਦਵਾਨਾਂ ਦਾ ਰਿਣੀ ਹਾਂ, ਨਾ ਕਿ ਤੇਰਾ।''

ਅਫ਼ਸੋਸ ! ਅੱਜ ਦੇ ਰਾਜੇ ਵੀ ਔਰੰਗਜ਼ੇਬ ਵਾਂਗ ਸ਼ਹਿਰਾਂ ਅਤੇ ਹੋਰ ਅਸਥਾਨਾਂ ਨੂੰ ਘੇਰਾ ਪਾਉਣ ਅਤੇ ਫੌਜਾਂ ਲੜਾਉਣ ਦਾ ਗਿਆਨ ਤਾਂ ਰਖਦੇ ਹਨ, ਪਰ ਜ਼ਿੰਦਗੀ ਦੀਆਂ ਮੂਲ ਕੀਮਤਾਂ, ਧਰਮ ਅਤੇ ਫ਼ਿਲਾਸਫ਼ੀ ਬਾਰੇ ਉਹਨਾਂ ਦਾ ਗਿਆਨ ਤੁੱਛ ਹੈ। ਇਹਨਾਂ ਬੁਨਿਆਦੀ ਖ਼ਿਆਲਾਂ ਨੂੰ ਥੋਥੇ ਵਿਚਾਰ ਤੇ ਮਹਿਜ਼ ਕਿਆਸ-ਉਡਾਰੀਆਂ ਕਹਿ ਕੇ ਟਾਲ ਦਿਤਾ ਜਾਂਦਾ ਹੈ। ਸਾਡੇ ਆਗੂ ਅਰਸ਼ੀ ਚਾਨਣ ਤੋਂ ਵਾਂਜੇ ਹਨ। ਉਹਨਾਂ ਦੀ ਅਵਸਥਾ ਸ਼ੈਕਸਪੀਅਰ ਦੇ ਨਾਟਕ 'ਕਿੰਗ ਲੀਅਰ' ਵਿਚਲੇ ਉਸ ਪਾਗਲ ਆਦਮੀ ਵਰਗੀ ਹੈ ਜੋ ਅੰਨ੍ਹਿਆਂ ਦੀ ਅਗਵਾਈ ਕਰਦਾ ਹੈ।

ਜ਼ਰੂਰਤ ਹੈ ਅੱਜ ਅਜਿਹੇ ਬਾਦਸ਼ਾਹਾਂ ਦੀ, ਜੋ ਆਪਣੇ ਅੰਦਰਲੇ ਸੱਚ ਦੀ ਪਹਿਚਾਣ ਕਰ ਸਕਣ। ਡਾ: ਰਾਧਾ ਕ੍ਰਿਸ਼ਨਨ ਆਪਣੀ ਪੁਸਤਕ 'ਧਰਮ ਤੇ ਸਮਾਜ' ਵਿਚ ਲਿਖਦੇ ਹਨ :

''ਬਾਦਸ਼ਾਹ ਦੀ ਹਰ ਚੀਜ਼ ਤੇ ਹਰ ਗੱਲ ਪ੍ਰਮਾਤਮਾ ਨਾਲ ਸੰਬੰਧਿਤ ਹੋਣੀ ਚਾਹੀਦੀ ਹੈ। ਆਤਮਿਕ ਕੀਮਤਾਂ ਜੀਵਨ ਦੇ ਹਰ ਭਾਗ ਵਿਚ ਵਿਆਪਕ ਹੋਣੀਆਂ ਚਾਹੀਦੀਆਂ ਹਨ। ਧਰਮ ਮਨ ਦੀ ਬੇਚੈਨੀ ਦੂਰ ਕਰਨ ਲਈ ਅਫ਼ੀਮ ਨਹੀਂ। ਸਮਾਜਿਕ ਉਨਤੀ ਦੇ ਲਈ ਇਹ ਸ਼ਕਤੀ ਪ੍ਰਦਾਨ ਕਰਦਾ ਹੈ। ਜਦ ਤਕ ਸਾਨੂੰ ਅੰਤ੍ਰੀਵ ਨਜ਼ਾਮ ਵਿਚ ਸ਼ਰਧਾ ਤੇ ਵਿਸ਼ਵਾਸ ਨਾ ਹੋਵੇ, ਅਸੀਂ ਬਾਹਰਲਾ ਨਜ਼ਾਮ ਨਹੀਂ ਉਸਾਰ ਸਕਦੇ। ਧਰਮ ਇਤਨਾ ਪਰਾ-ਸਰੀਰਕ ਨਹੀਂ ਕਿ ਇਸ ਦਾ ਮਨੁੱਖੀ ਜੀਵਨ ਨਾਲ ਕੋਈ ਸੰਬੰਧ ਨਾ ਮੰਨਿਆ ਜਾਏ।''

ਸੋ ਬਾਦਸ਼ਾਹ ਲਈ ਧਰਮੀ ਪੁਰਖ ਬਣਨਾ ਪਹਿਲੀ ਸ਼ਰਤ ਬਣ ਜਾਂਦੀ ਹੈ। ਧਰਮ ਅਤੇ ਸਿਆਸਤ ਦੇ ਆਪਸੀ ਰਿਸ਼ਤੇ ਨੂੰ ਦੇਖਦੇ ਹੋਏ ਹੀ ਤਾਂ ਗੁਰੂ ਨਾਨਕ ਸਾਹਿਬ ਨੇ ਕਿਹਾ ਸੀ :

ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥
ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥੬॥ [ਮਾਰੂ ਵਾਰ ਮ: ੩–੧੦੮੮



www.AKJ.Org

# ਗੁਰਮੁਖ ਅਤੇ ਮਨਮੁਖ

[ ਵਲੋਂ—ਭਾਈ ਸਵਰਨ ਸਿੰਘ ਢੰਗਰਾਲੀ (ਰੋਪੜ) ]

ਜਦ ਤੋਂ ਪਰਵਿਰਦਗਾਰ ਨੇ ਸ੍ਰਿਸ਼ਟੀ ਰਚੀ ਹੈ, ਓਦੋਂ ਤੋਂ ਹੀ ਸੰਸਾਰ ਵਿਚ ਦੋਵੇਂ ਤਰ੍ਹਾਂ ਦੇ ਮਨੁੱਖ ਵੇਖੇ ਜਾਂਦੇ ਹਨ। ਜਿਥੇ ਸੁਖੀ ਵਸਦਾ ਹੈ ਉਥੇ ਦੁੱਖੀ ਭੀ ਵਸਦੇ ਹਨ। ਇਸੇ ਤਰ੍ਹਾਂ ਅਮੀਰ-ਗਰੀਬ, ਸਦਾਚਾਰੀ-ਦੁਰਾਚਾਰੀ, ਅਤਿਆਚਾਰੀ-ਪਰਉਪਕਾਰੀ, ਗੁਰਮੁਖ ਅਤੇ ਮਨਮੁਖ ਆਦਿ ਦੇ ਕੁਦਰਤੀ ਜੋੜੇ ਸੰਸਾਰ ਤੇ ਵਸਦੇ ਹਨ। ਭਾਵੇਂ ਨਿਰਵੈਰ ਅਕਾਲ ਪੁਰਖ ਵਾਹਿਗੁਰੂ ਜੀ ਨੇ ਸਭ ਮਨੁੱਖਾਂ ਨੂੰ ਇਕ ਤਰ੍ਹਾਂ ਦੇ ਹੀ ਪੰਜ-ਭੂਤਕ ਸਰੀਰ ਦੇ ਕੇ, ਉਨ੍ਹਾਂ ਅੰਦਰ ਇਕੋ ਹੀ ਜੋਤਿ ਦਾ ਪ੍ਰਕਾਸ਼ ਕੀਤਾ ਹੈ, ਪ੍ਰੰਤੂ ਮਨੁੱਖ ਪਾਣੀ ਦੀ ਤਰ੍ਹਾਂ ਵੱਖ ਵੱਖ ਰੂਪਾਂ ਵਿਚ ਸੰਸਾਰ ਵਿਚ ਵਿਚਰ ਰਿਹਾ ਹੈ। ਜਿਵੇਂ ਪਾਣੀ ਨੂੰ ਜ਼ਹਿਰ ਜਾਂ ਜ਼ਹਿਰੀਲੀ ਦਵਾਈ ਅੰਦਰ ਮਿਲਾਇਆਂ ਉਹ ਜ਼ਹਿਰੀਲਾ ਬਣ ਜਾਂਦਾ ਹੈ ਅਤੇ ਅੰਮ੍ਰਿਤ ਵਿਚ ਮਿਲਾਇਆਂ ਅੰਮ੍ਰਿਤ ਰੂਪ ਹੋ ਜਾਂਦਾ ਹੈ ਇਸੇ ਤਰ੍ਹਾਂ ਮਨੁੱਖ ਉਤੇ ਮਾੜੀ ਅਤੇ ਚੰਗੀ ਸੰਗਤ ਦਾ ਪ੍ਰਭਾਵ ਪੈਣ ਕਰਕੇ ਮਨੁਖ ਮਨਮੁਖ ਜਾਂ ਗੁਰਮੁਖ ਬਣ ਜਾਂਦਾ ਹੈ।

ਜੋ ਮਨੁੱਖ ਗੁਰੂ ਅਤੇ ਗੁਰੂ ਦੀ ਮੱਤ ਨੂੰ ਮੁਖ ਰਖਦੇ ਹਨ ਅਤੇ ਗੁਰੂ ਦਰਸਾਏ ਮਾਰਗ ਉਤੇ ਅਮਲ ਕਰਦੇ ਹੋਏ ਜੀਵਨ ਬਤੀਤ ਕਰਦੇ ਹਨ, ਉਨ੍ਹਾਂ ਨੂੰ ਗੁਰਮੁਖ ਕਿਹਾ ਜਾਂਦਾ ਹੈ। ਭਾਈ ਕਾਲੂ ਨਾਂ ਦੇ ਸਿੱਖ ਨੂੰ ਉਪਦੇਸ਼ ਦਿੰਦੇ ਹੋਏ, ਸ੍ਰੀ ਗੁਰੂ ਨਾਨਕ ਦੇਵ ਜੀ ਗੁਰਮੁਖ ਅਥਵਾ ਸਨਮੁਖ ਦੇ ਮੁਖ ਚਾਰ ਗੁਣ ਦਸਦੇ ਹਨ। "ਗੁਰ ਨਾਨਕ ਪ੍ਰਕਾਸ਼" ਗ੍ਰੰਥ ਵਿਚ ਇਸ ਤਰ੍ਹਾਂ ਲਿਖਿਆ ਹੈ—

ਮੈਤ੍ਰਿਯਾ[1], ਕਰੁਨਾ[2] ਦ੍ਵੈ ਲਖੋ, ਮੁਦਤਾ[3] ਤੀਜੀ ਜਾਨ ॥
ਚਤੁਰ ਉਪੇਖਯਾ[4] ਜਿਸ ਬਿਖੈ, ਸਨਮੁਖਿ ਸੋ ਪਹਚਾਨ ॥ (ਅਧਿਆਇ ੪੩)

ਇਨ੍ਹਾਂ ਕਾਵਿ ਪੰਗਤੀਆਂ ਦੇ ਭਾਵ ਅਰਥ ਹਨ :—

੧. ਮੈਤ੍ਰਿਯਾ :—ਸਭ ਨਾਲ ਪਿਆਰ ਕਰਨਾ ਅਤੇ ਸਭ ਦੇ ਸੁਖਾਂ ਲਈ ਜਤਨ ਕਰਨਾ ਗੁਰਮੁਖ ਦਾ ਪਹਿਲਾ ਗੁਣ ਹੈ।
੨. ਕਰੁਣਾ :—ਸਭ ਉਤੇ ਦਇਆ ਕਰਨੀ ਅਤੇ ਪਰਾਏ ਦੁਖਾਂ ਤੋਂ ਦੁੱਖ ਮਹਿਸੂਸ ਕਰਨਾ ਦੂਜਾ ਗੁਣ ਹੈ।
੩. ਮੁਦਿਤਾ :—ਗੁਰਮੁਖ, ਧਨ ਅਤੇ ਵਿਦਿਆ ਆਦਿਕ ਵਿਚ ਦੂਜੇ ਨੂੰ ਵੱਡਾ ਵੇਖ ਈਰਖਾ ਨਹੀਂ ਕਰਦਾ, ਸਗੋਂ ਪ੍ਰਸੰਨ ਹੁੰਦਾ ਹੈ।
੪. ਉਪੇਖਯਾ :—ਭੈੜੀ ਸੰਗਤ ਅਤੇ ਇਸ ਦੇ ਉਪਦੇਸ਼ ਤੋਂ ਉਪਰਾਮ ਰਹਿਣਾ ਗੁਰਮੁਖ ਦੇ ਲਛਣ ਹਨ।

ਜੋ ਵਿਅਕਤੀ ਗੁਰੂ-ਸਿਖਿਆ ਅਤੇ ਗੁਰੂ ਨੂੰ ਵਿਸਾਰ ਕੇ ਆਪਣੇ ਮਨ ਨੂੰ ਮੁਖ ਰਖਦਾ ਅਤੇ ਦੁਨਿਆਵੀ ਪਦਾਰਥਾਂ ਵਿਚ ਖਚਤ ਰਹਿੰਦਾ ਹੈ ਉਹ "ਮਨਮੁਖ" ਜਾਂ "ਬੇ-ਮੁਖ" ਹੈ। ਭਾਈ ਸੰਤੋਖ ਸਿੰਘ ਜੀ ਆਪਣੇ ਰਚਿਤ ਗ੍ਰੰਥ "ਗੁਰੂ ਨਾਨਕ ਪ੍ਰਕਾਸ਼" ਵਿਚ ਗੁਰੂ ਨਾਨਕ ਦੇਵ ਜੀ ਵਲੋਂ ਭਾਈ ਕਾਲੂ ਨਾਂ ਦੇ ਸਿੱਖ ਪ੍ਰਤੀ ਉਪਦੇਸ਼ ਦਿੰਦੇ ਹੋਏ ਮਨਮੁਖ ਦੇ ਲਛਣ ਦੱਸਦੇ ਹੋਏ ਕਹਿੰਦੇ ਹਨ:—

"ਤਬਿ ਸ੍ਰੀ ਗੁਰ, ਸਗਰੀ ਬਿਧਿ ਬਰਨੀ ॥ ਰਿਦੇ ਈਰਖਾ ਸਭਿ ਸੋ ਕਰਨੀ ॥
ਜਗਤ ਪਦਾਰਥ ਸੁਖ ਜੇ ਸਾਰੇ ॥ ਸਭਿ ਕੇ ਮਿਟਿ ਕਰਿ ਹੋਇ ਹਮਾਰੇ ॥" (ਅਧਿਆਇ ੬੩)

ਭਾਵ, ਗੁਰੂ ਸਾਹਿਬ ਕਹਿੰਦੇ ਹਨ ਕਿ ਮਨਮੁਖ ਸਭ ਨਾਲ ਈਰਖਾ ਕਰਦੇ ਹਨ। ਇਸ ਈਰਖਾ ਦੀ ਅੱਗ ਅੰਦਰ ਸੜ ਕੇ ਦੁਖੀ ਹੁੰਦੇ ਹਨ। ਉਹਨਾਂ ਦੀ ਤ੍ਰਿਸ਼ਨਾ ਰਜਦੀ ਨਹੀਂ। ਉਹ ਚਾਹੁੰਦੇ ਹਨ ਕਿ ਸੰਸਾਰ ਦੇ ਸਾਰੇ ਪਦਾਰਥ ਅਤੇ ਸੁੱਖ ਦੂਜੇ ਲੋਕਾਂ ਪਾਸੋਂ ਖ਼ਤਮ ਹੋ ਕੇ ਉਨ੍ਹਾਂ ਪਾਸ ਆ ਜਾਣ।

ਗੁਰਬਾਣੀ ਵਿਚਲੇ ਹੇਠਲੇ ਪ੍ਰਮਾਣਾਂ ਤੋਂ ਮਨਮੁਖ ਦਾ ਅਚਾਰ ਹੋਰ ਭੀ ਸਪਸ਼ਟ ਹੋ ਜਾਂਦਾ ਹੈ। ਗੁਰ-ਸ਼ਬਦ ਦਾ ਨਾ ਪਛਾਣਨਾ, ਗੁਰੂ ਦੇ ਭੈ ਦਾ ਕੋਈ ਗਿਆਨ ਨਾ ਹੋਣਾ, ਮਨਮੁਖ ਦੇ ਲਛਣ ਹਨ। ਗੁਰਵਾਕ ਹੈ :—

"ਸੇ ਮਨਮੁਖ ਜੋ ਸਬਦੁ ਨ ਪਛਾਣਹਿ ॥ ਗੁਰ ਕੇ ਭੈ ਕੀ ਸਾਰ ਨ ਜਾਣਹਿ ॥੬॥"
(ਮਾਰੂ ਮਹਲਾ ੩ ਸੋਲਹਾ—੧੦੫੪)



www.AKJ.Org

ਜੋ ਲੋਕ ਮਾਇਆ-ਮੋਹ ਵਿਚ ਉਲਝੇ ਰਹਿੰਦੇ ਹਨ, ਭਜਨ ਬੰਦਗੀ ਜਿਨ੍ਹਾਂ ਵਿਸਾਰ ਦਿਤੀ ਹੈ ਉਹ ਮਨਮੁਖ ਹੀ ਹਨ। ਗੁਰੂ ਸਾਹਿਬ ਦਾ ਫ਼ੈਸਲਾ ਹੈ :–

"ਜੋ ਮੋਹਿ ਮਾਇਆ ਚਿਤੁ ਲਾਇਦੇ ਮੇਰੀ ਜਿੰਦੁੜੀਏ, ਸੇ ਮਨਮੁਖ ਮੂੜ ਬਿਤਾਲੇ ਰਾਮ ॥੩॥"

(ਬਿਹਾਗੜਾ ਮ: ੪, ਪੰਨਾ ੫੩੯)

"ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ" ਦੇ ਮੁਖਵਾਕ ਅਨੁਸਾਰ ਗੁਰਮੁਖ ਅਤੇ ਮਨਮੁਖ ਨੂੰ ਉਸਦੇ ਕਰਮਾਂ ਅਨੁਸਾਰ ਦਰਗਹ ਅੰਦਰ ਸਤਿਕਾਰ ਮਿਲਦਾ ਅਥਵਾ ਕਰਨੀ ਦਾ ਫਲ ਅਵੱਸ਼ ਭੁਗਤਣਾ ਪੈਂਦਾ ਹੈ। ਗੁਰਬਾਣੀ ਪੜ੍ਹਿਆਂ, ਸੁਣਿਆਂ, ਵੀਚਾਰਿਆਂ ਸਪਸ਼ਟ ਹੋ ਜਾਂਦਾ ਹੈ ਕਿ ਗੁਰਮੁਖ ਜਨਾਂ ਦੇ ਦਰਗਾਹ ਵਿਚ ਮੁਖ ਉਜਲੇ ਹੁੰਦੇ ਹਨ ਅਤੇ ਗੁਰਮੁਖ ਪਿਆਰੇ ਉਥੇ ਸੋਭਾ ਪਾਉਂਦੇ ਹਨ। ਗੁਰ ਫ਼ੁਰਮਾਨ ਹੈ :–

"ਗੁਰਮੁਖਾ ਕੇ ਮੁਖ ਉਜਲੇ ਹਰਿ ਦਰਗਹ ਸੋਭਾ ਪਾਇ ॥੨੨॥ (ਸਲੋਕ ਮ: ੩–੧੪੧੫)

ਗੁਰਮੁਖਾਂ ਦਾ ਚੌਰਾਸੀ ਦਾ ਚੱਕਰ, ਜੰਮਣਾ ਮਰਨਾ ਕੱਟਿਆ ਜਾਂਦਾ ਹੈ। ਮੁਕਤ ਹੋਏ ਗੁਰਮੁਖ ਪ੍ਰਭੂ-ਦਰਬਾਰ ਵਿਚ ਸਨਮਾਨੇ ਜਾਂਦੇ ਹਨ। ਜਮਦੂਤ ਉਨ੍ਹਾਂ ਦੇ ਨੇੜੇ ਵੀ ਨਹੀਂ ਫਟਕ ਸਕਦੇ, ਕਿਉਂਕਿ ਉਨ੍ਹਾਂ ਨੇ ਜਮਦੂਤਾਂ ਦੇ ਰਚਨਹਾਰ–ਪ੍ਰਭੂ ਦਾ ਸਿਮਰਨ ਕਰਦਿਆਂ ਆਪਣੇ ਸੁਆਸ ਸਫਲੇ ਕੀਤੇ ਹਨ। ਧੁਰ ਕੀ ਬਾਣੀ ਇਸ ਦੀ ਸ਼ਹਾਦਤ ਭਰਦੀ ਹੈ :–

ਗੁਰਮੁਖਿ ਚੂਕੈ ਆਵਣ ਜਾਣੁ ॥ ਗੁਰਮੁਖਿ ਦਰਗਹ ਪਾਵੈ ਮਾਣੁ ॥੪੧॥ (੯੪੨)
ਗੁਰਮੁਖਿ ਪ੍ਰਾਣੀ ਜਮੁ ਨੇੜਿ ਨ ਆਵੈ, ਜਿਨ ਹਰਿ ਰਾਖਿਆ ਉਰਿ ਧਾਰਾ ॥

(ਭੈਰਉ ਮਹਲਾ ੩–੧੧੩੦)

ਇਥੇ ਗੱਲ ਸਮਾਪਤ ਨਹੀਂ ਹੁੰਦੀ, ਜਿਥੇ ਦੁਨੀਆ ਦੇ ਲੋਕ ਜਮਦੂਤਾਂ ਪਾਸੋਂ ਡਰਦੇ ਤ੍ਰਾਸ ਤ੍ਰਾਸ ਕਰਦੇ ਹਨ, ਉਥੇ ਇਸ ਤੋਂ ਉਲਟ ਉਹੀ ਜਮਦੂਤ ਗੁਰਮੁਖ ਪਿਆਰਿਆਂ ਦੀ ਸੇਵਾ ਕਰਦੇ ਹਨ। ਇਹ ਸਿਮਰਨ ਦੀ ਵਡਿਆਈ ਹ। ਤੀਜੇ ਪਾਤਸ਼ਾਹ ਜੀ ਦੀ ਗਵਾਹੀ ਹੈ :–

ਜਿਨਿ ਜਮੁ ਕੀਤਾ ਸੋ ਸੇਵੀਐ, ਗੁਰਮੁਖਿ ਦੂਖੁ ਨ ਹੋਇ ॥
ਨਾਨਕ ਗੁਰਮੁਖਿ ਜਮੁ ਸੇਵਾ ਕਰੇ, ਜਿਨ ਮਨਿ ਸਚਾ ਹੋਇ ॥੨॥੭॥

(ਸਲੋਕ ਮਹਲਾ ੩–ਪੰਨਾ ੫੯੮)

ਗੁਰਮੁਖ ਜਨ ਆਪ ਵੀ ਇਸ ਭਵ-ਸਾਗਰ ਦੁਨੀਆ ਨੂੰ ਗੁਰੂ ਉਪਦੇਸ਼ ਦੇ ਸਹਾਰੇ ਪਾਰ ਕਰਦੇ ਹਨ ਅਤੇ ਹੋਰ ਵੀ ਕਰੋੜਾਂ ਭਟਕਦੇ ਜੀਵਾਂ ਦਾ ਉਧਾਰ ਕਰਦੇ ਹਨ। ਸਤਿਗੁਰੂ ਫ਼ੁਰਮਾਂਦੇ ਹਨ :--

ਗੁਰਮੁਖਿ ਸਾਇਰਿ ਪਾਹਣ ਤਾਰੇ ॥ ਗੁਰਮੁਖਿ ਕੋਟਿ ਤੇਤੀਸ ਉਧਰੇ ॥੪੦॥

(ਸਿਧ ਗੋਸਟਿ ਮ: ੧–੯੪੨)

ਗੁਰਮੁਖਾਂ ਦੀਆਂ ਇਨ੍ਹਾਂ ਵਡਿਆਈਆਂ, ਸ਼ੁਭ ਕਰਣੀਆਂ ਤੋਂ ਬਿਲਕੁਲ ਉਲਟ ਮਨਮੁਖਾਂ ਦੀ ਦੁਰਦਸ਼ਾ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਟੱਲ ਫ਼ੈਸਲੇ ਜਗਤ ਦੇ ਸਾਹਮਣੇ ਹਨ। ਗੁਰਬਾਣੀ ਕਹਿੰਦੀ ਹੈ ਕਿ ਮਨਮੁਖ ਸਦਾ ਦੁੱਖਾਂ ਨਾਲ ਘਿਰਿਆ ਰਹਿੰਦਾ ਹੈ। ਉਹ ਸੰਸਾਰ ਭਰ ਚੋਂ ਮਹਾਂ ਰੋਗੀ ਹੈ, ਕਿਉਂਕਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਦੁਬਿਧਾ ਆਦਿ ਰੋਗ ਉਸਦਾ ਪਿਛਾ ਨਹੀਂ ਛਡਦੇ, ਉਸ ਨੇ ਸੱਚੇ ਪੂਰਨ ਗੁਰਾਂ ਦਾ ਲੜ ਨਹੀਂ ਫੜਿਆ ਹੁੰਦਾ। ਚੋਜੀ ਪ੍ਰੀਤਮ ਕਹਿੰਦੇ ਹਨ :–

"ਮਨਮੁਖਿ ਦੁਬਿਧਾ ਸਦਾ ਹੈ ਰੋਗੀ, ਰੋਗੀ ਸਗਲ ਸੰਸਾਰਾ॥੧॥" (ਪੰਨਾ ੧੧੩੦)
"ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥" ੪॥੮॥ (੧੩੯੯)

ਉਪਰੋਕਤ ਗੁਰਵਾਕਾਂ ਅਨੁਸਾਰ ਗੁਰੂ ਵਿਹੂਣੇ ਇਨਸਾਨ ਨੂੰ ਇਸ ਵਡਮੁਲੇ ਮਨੁੱਖੀ ਜਾਮੇ ਦੀ ਸਮਝ ਨਹੀਂ



www.AKJ.Org

ਆਉਂਦੀ। ਉਹ ਗੁਰੂ ਤੋਂ ਬੇਮੁਖ ਹੋ ਕੇ ਦਰ ਦਰ ਭਟਕਦੇ ਚੋਟਾਂ ਖਾਂਦੇ ਫਿਰਦੇ ਹਨ। ਉਨ੍ਹਾਂ ਦੇ ਸੰਸਾਰ ਵਿਖੇ ਕੀਤੇ ਸਭ ਕਰਮ ਨਿਹਫਲ ਜਾਂਦੇ ਹਨ। ਉਹ ਚੌਰਾਸੀ ਦੇ ਚੱਕਰ ਅੰਦਰ ਵਾਰ ਵਾਰ ਜਮਦੇ ਮਰਦੇ ਰਹਿੰਦੇ ਹਨ। ਗੁਰ-ਫ਼ੁਰਮਾਨ ਹੈ–ਮਨਮੁਖਿ ਸੋਝੀ ਨਾ ਪਵੈ ਵੀਛੁੜਿ ਚੋਟਾ ਖਾਇ ॥੧੦॥ (ਸਿਰੀਰਾਗ ਮਹਲਾ ੧–ਪੰਨਾ ੬੦)

ਜੋ ਕਿਛੁ ਕਮਾਵੈ ਸੁ ਥਾਇ ਨ ਪਾਈ ॥ ਆਵੈ ਜਾਵੈ ਠਉਰ ਨ ਕਾਈ ॥੫॥

(ਗਉੜੀ ਮਹਲਾ ੩–੨੩੦)

ਸਤਿਗੁਰ ਪਾਤਸ਼ਾਹ ਕਹਿੰਦੇ ਹਨ, ਬੇਮੁਖਾਂ ਦੇ ਦਰਗਾਹ ਵਿਚ ਮੂੰਹ ਕਾਲੇ ਕੀਤੇ ਜਾਂਦੇ ਹਨ। ਧਰਤ, ਅਸਮਾਨ ਇਨ੍ਹਾਂ ਨਿਕਰਮਿਆਂ ਦਾ ਭਾਰ ਨਹੀਂ ਝਲਦੇ। ਮਨਮੁਖਾਂ ਨੂੰ ਕੀਤੇ ਭੈੜੇ ਕਰਮਾਂ ਦੀ ਸਜ਼ਾ ਦੇ ਕੇ ਪ੍ਰਭੂ ਨਰਕਾਂ ਵਿਚ ਸੁਟ ਦੇਂਦਾ ਹੈ, ਜਿਥੇ ਉਹ ਬਹੁ ਪ੍ਰਕਾਰ ਦੇ ਦੁਖ ਭੋਗਦੇ ਹਨ। ਸਾਹਿਬ ਜੀ ਫ਼ੁਰਮਾਉਂਦੇ ਹਨ–

ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥ (ਸਿਰੀਰਾਗ ਮਹਲਾ ੩–੩੦)

ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ ॥
ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ ॥੫॥

(ਗਉੜੀ ਮਹਲਾ ੩ ਅਸਟਪਦੀ–੨੩੩)

ਪ੍ਰਭੂ-ਭਗਤੀ ਨਾ ਕਰਨ ਦਾ ਫਲ ਨਰਕ ਭੋਗਣਾ ਹੈ, ਜੋ ਬੇ-ਮੁਖ ਭੋਗਦੇ ਹਨ।

ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ ਤੇ ਨਰਕ ਘੋਰ ਮਹਿ ਪਰਿਆ ॥ (ਪੰਨਾ ੬੧੩)

ਭਾਈ ਗੁਰਦਾਸ ਜੀ ੩੭ਵੀਂ ਵਾਰ ਅੰਦਰ ਮਨਮੁਖਾਂ ਨੂੰ ਅਕ੍ਰਿਤਘਣ ਦਾ ਦਰਜਾ ਦਿੰਦੇ ਹਨ :–

ਮਨਮੁਖ ਵਡਾ ਅਕ੍ਰਿਤਘਨ ਦੂਜੈ ਭਾਇ ਸੁਆਇ ਲੁਭਾਈ ॥੮੩॥

ਗੁਰਬਾਣੀ ਦੇ ਉਪਰੋਕਤ ਚਾਨਣ ਵਿਚ ਗੁਰਮੁਖ ਅਤੇ ਮਨਮੁਖ ਦਾ ਚਰਿਤਰ ਅਤੇ ਇਨ੍ਹਾਂ ਦੇ ਕਰਮ, ਕਰਮਾਂ ਦੇ ਫਲ ਬਿਲਕੁਲ ਸਪਸ਼ਟ ਹਨ। ਮਨੁੱਖੀ ਜੀਵਨ ਦਾ ਮਨੋਰਥ ਸਿਰਫ ਗੁਰੂ ਵਾਲੇ ਬਣ ਕੇ ਪ੍ਰਭੂ ਬੰਦਗੀ ਕਰਨਾ ਹੈ। ਚਿਰੰਕਾਲ ਬਾਅਦ ਚੌਰਾਸੀ ਲੱਖ ਜੂਨਾਂ ਵਿਚ ਭਟਕਦਿਆਂ ਨੂੰ ਮੁਕਤੀ ਲਈ ਮੌਕਾ ਮਿਲਦਾ ਹੈ। ਸੋ ਮਨੁੱਖਾ ਦੇਹੀ ਪ੍ਰਾਪਤ ਕਰ ਕੇ ਪੂਰੇ ਗੁਰੂ ਦੇ ਲੜ ਲਗੀਏ। ਸਤਿਗੁਰੂ ਦੇ ਦਰਸਾਏ ਤੇ ਦ੍ਰਿੜ੍ਹਾਏ ਸਿਧਾਂਤ ਉਤੇ ਅਮਲ ਕਰੀਏ ਅਤੇ ਮਨਮੁਖਾਂ ਨੂੰ ਮਿਲਣ ਵਾਲੇ ਕੋਝੇ ਦੰਡਾਂ ਤੋਂ ਬਚੀਏ। ਸਰਬੰਸ-ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਮੋਲਕ ਦਾਤਿ ਖੰਡੇ ਦਾ ਅੰਮ੍ਰਿਤ ਪੰਜਾਂ ਪਿਆਰਿਆਂ ਪਾਸੋਂ ਲੈ ਕੇ ਸੱਚੀ ਕਾਰ ਕਮਾਂਦੇ ਹੋਏ, ਗੁਰਮੁਖਾਂ ਦੇ ਪੰਥ ਵਿਚ ਆਪ ਸਾਮਲ ਹੋਈਏ ਅਤੇ ਹੋਰਨਾਂ ਨੂੰ ਸ਼ਾਮਲ ਹੋਣ ਦੀ ਪ੍ਰੇਰਨਾ ਕਰੀਏ।

ਇਸ ਤਰ੍ਹਾਂ ਹੀ ਦੁਨੀਆ ਅੰਦਰ ਵੱਧਦੀ ਨਾਸਤਿਕਤਾ, ਭ੍ਰਿਸ਼ਟਾਚਾਰ, ਵਿਭਚਾਰ ਅਤੇ ਜ਼ੁਲਮ ਹਨੇਰੀ ਨੂੰ ਗੁਰੂ ਆਸਰੇ ਰੋਕਿਆ ਜਾ ਸਕਦਾ ਹੈ ਅਤੇ ਸਭ ਮਨੁੱਖ ਇਕ ਦੂਜੇ ਨੂੰ ਮਨੁੱਖਤਾ ਦੇ ਨਾਤੇ ਗੁਰੂ-ਸਿਧਾਂਤ ਅਨੁਸਾਰ ਪਿਆਰ ਕਰਨਾ ਸਿਖ ਸਕਦੇ ਹਨ।


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦, ੭-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ ਸਾ:ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੬੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੭ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੪੫ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੦-੬੭ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ | | | ੦-੭੫ |
| ਸਿੱਖ ਇੱਕ ਵੱਖਰੀ ਕੌਮ (ਸੂਰਾ ਦਾ ਵਿਸ਼ੇਸ਼ ਤੇ ਅਮੋਲਕ ਅੰਕ, ਜਿਸ ਵਿਚ ੧੩ ਖੋਜ-ਭਰੇ ਲੇਖ ਸ਼ਾਮਲ ਹਨ) | | | ੫-੭੦ |





www.AKJ.Org

# 'ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ'

ਪ੍ਰੋਫੈਸਰ ਗੁਰਮੁਖ ਸਿੰਘ ਜੀ

## ਸਿਖ-ਮਾਨਸਿਕਤਾ ਲੇਖ-ਲੜੀ ਨੰਬਰ ੮

ਸਿਖਾਂ ਨੂੰ ਮਾਨਸਿਕ ਤੌਰ ਤੇ ਬਲਵਾਨ ਤੇ ਤੇਜਸਵੀ ਕਰਨ ਲਈ ਸਤਿਗੁਰਾਂ ਨੇ ਸੰਗਤ ਦੀ ਸੰਸਥਾ ਦੀ ਸਥਾਪਨਾ ਕੀਤੀ, ਜਿਸ ਰਾਹੀਂ ਉਹ ਸਮਾਜਿਕ ਤੌਰ ਤੇ ਚੜ੍ਹਦੀ ਕਲਾ ਵਿਚ ਰਹੇ। ਗੁਰਬਾਣੀ ਸਿਖ ਨੂੰ ਸੰਗਤੀ ਜੀਵਨ ਮਜ਼ਬੂਤ ਬਣਾਉਣ ਲਈ ਪ੍ਰੇਰਦੀ ਹੈ। ਅਜੋਕੇ ਸਿਖ ਸਮਾਜ ਦੀ ਮਾਨਸਿਕ ਕਮਜ਼ੋਰੀ ਦਾ ਸਭ ਤੋਂ ਵੱਡਾ ਕਾਰਨ ਉਸਦਾ ਸਤਿਸੰਗਤ ਨਾਲੋਂ ਟੁਟਣਾ ਹੈ।

ਸਿਖ-ਮਾਨਸਿਕਤਾ ਦੇ ਲੇਖ-ਲੜੀ ਦੀ ਇਹ ਅਠਵੀਂ ਕਿਸ਼ਤ ਹੈ। ਲੇਖ ਵਿਚ ਸੁਝਾਇਆ ਗਿਆ ਹੈ ਕਿ ਸੰਗਤੀ ਜੀਵਨ ਨੂੰ ਮਜ਼ਬੂਤ ਬਣਾ ਕੇ ਹੀ ਸਿਖ ਸਮਾਜ ਦੀ ਮੌਜੂਦਾ ਡਾਵਾਂ-ਡੋਲ ਦਸ਼ਾ ਸੁਧਾਰੀ ਜਾ ਸਕਦੀ ਹੈ। [ਸੰਪਾਦਕ]

ਮਨੁਖ ਇਕ ਸਮਾਜਿਕ ਪ੍ਰਾਣੀ ਹੈ। ਸਦੀਆਂ ਤੋਂ ਮਨੁਖ ਇੰਜ ਹੀ ਰਹਿੰਦਾ ਆਇਆ ਹੈ। ਉਹ ਕਦੀ ਭੀ ਇਕੱਲਾ ਨਹੀਂ ਰਿਹਾ। ਪਰਿਵਾਰ, ਚਾਹੇ ਉਹ ਕਿਤਨਾ ਹੀ ਛੋਟਾ ਕਿਉਂ ਨ ਹੋਵੇ, ਇਕ ਪ੍ਰਕਾਰ ਦਾ ਨਿੱਕਾ ਜਿਹਾ ਗਰੁਪ ਹੈ, ਜਿਸਦੇ ਆਪਣੇ ਕਰਤਬ ਹਨ, ਆਪਣੇ ਮਨੋਰਥ ਹਨ। ਇੰਜ ਪਰਵਾਰਾਂ ਦੇ ਸਮੂਹ ਤੋਂ ਕਬੀਲੇ ਬਣਦੇ ਹਨ, ਪਰ ਇਹਨਾਂ ਸਾਰਿਆਂ ਵੱਡੇ ਛੋਟੇ ਗਰੁਪਾਂ ਨੂੰ ਸੰਗਤ ਨਹੀਂ ਕਿਹਾ ਜਾਂਦਾ। ਸੰਗਤ ਸ਼ਬਦ ਵਿਚ ਦੋ ਗੱਲਾਂ ਦਾ ਹੋਣਾ ਲਾਜ਼ਮੀ ਹੈ–(ੳ) ਇਕੱਤਰ ਹੋਏ ਸਜਨ ਅਤੇ (ਅ) ਵਾਹਿਗੁਰੂ ਜੀ ਦੀ ਸਿਫ਼ਤ ਸਲਾਹ ਕਰਨੀ।

ਸਤਿਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਤੋਂ ਪਹਿਲਾਂ ਭੀ ਪਰਮਾਰਥ ਲਈ ਲੋਕੀ ਮੰਦਰਾਂ ਵਿਚ, ਮਸਜਿਦਾਂ ਵਿਚ, ਬੋਧ-ਮਠਾਂ ਵਿਚ, ਤੀਰਥਾਂ ਉਤੇ, ਕਿਸੇ ਸਾਧੂ ਮਹਾਤਮਾ ਦੇ ਵਖਿਆਨ ਸੁਣਨ ਲਈ ਇਕੱਠੇ ਹੁੰਦੇ ਸਨ। ਰਾਸਧਾਰੀ ਰਾਸ ਪਾਉਂਦੇ, ਨਚਦੇ ਟਪਦੇ, ਲੋਕਾਂ ਦਾ ਵਾਹ ਵਾਹ ਮਨੋਰੰਜਨ ਕਰਦੇ ਸਨ–

ਉਡਿ ਉਡਿ ਰਾਵਾ ਝਾਟੈ ਪਾਹਿ ॥ ਵੇਖੈ ਲੋਕੁ ਹਸੈ ਘਰਿ ਜਾਇ ॥

[ਆਸਾ ਕੀ ਵਾਰ ਮ: ੧–੪੬੫]

ਪਰ ਇਹਨਾਂ ਸਾਰੇ ਇਕੱਠਾਂ ਨੂੰ ਅਜੇ ਸਤਿਸੰਗਤ ਦਾ ਰੂਪ ਨਹੀਂ ਸੀ ਦਿਤਾ ਗਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਸਮਕਾਲੀ ਟੋਲੀਆਂ ਦੀ ਪਰੰਪਰਾ ਨੂੰ ਚੰਗੀ ਤਰ੍ਹਾਂ ਵੇਖ ਰਹੇ ਸਨ। ਆਪ ਭਾਂਪ ਗਏ ਸਨ ਕਿ ਇਹਨਾਂ ਜਨ-ਸਮੂਹਾਂ ਦੇ ਇਕੱਠ ਵਿਚ ਕੀ ਕਮੀ ਹੈ। ਰਾਸਧਾਰੀ ਕੇਵਲ ਆਪਣਾ ਪੇਟ ਭਰਨ ਲਈ ਤਾਲ ਪੂਰਦੇ ਤੇ ਨਚਦੇ ਟਪਦੇ ਸਨ–

ਰੋਟੀਆ ਕਾਰਣਿ ਪੂਰਹਿ ਤਾਲ ॥ ਆਪੁ ਪਛਾੜਹਿ ਧਰਤੀ ਨਾਲਿ ॥

[ਆਸਾ ਕੀ ਵਾਰ, ਪੰਨਾ ੪੬੫]

ਬੋਧੀਆਂ ਦਾ ਰੱਬ ਉਤੇ ਕੋਈ ਵਿਸ਼ਵਾਸ ਨਹੀਂ ਸੀ। ਇਸ ਲਈ ਉਹਨਾਂ ਦੇ ਮੱਠਾਂ ਵਿਚ ਭਾਵੇਂ ਇਕੱਠ ਤਾਂ ਹੁੰਦੇ ਸਨ, ਪਰ ਸਤਿਨਾਮ ਤੋਂ ਸਖਣੇ ਹੋਣ ਕਰਕੇ ਸਤਿਸੰਗ ਦੇ ਅਸਲ ਮਨੋਰਥਾਂ ਤੋਂ ਅਜੇ ਕੋਹਾਂ ਦੂਰ ਸਨ।

ਮਸਜਿਦਾਂ ਵਿਚ ਕੁਝ ਮਿੰਟ ਦੀ ਨਿਮਾਜ਼ ਲਈ ਜੁੜੇ ਲੋਕ, ਨਿਮਾਜ਼ ਅਦਾ ਕਰ ਕੇ ਆਪੋ ਆਪਣੇ ਘਰਾਂ ਨੂੰ ਚਲੇ ਜਾਂਦੇ। ਮੰਦਰਾਂ ਵਿਚ ਤਾਂ ਕਦੇ ਸੰਗਤ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਥੇ ਹੁਣ ਭੀ ਸਤਿਸੰਗ ਨਹੀਂ ਹੁੰਦਾ। ਬੁੱਤਾਂ ਨਾਲ ਬੁੱਤ-ਸੰਗ ਤਾਂ ਹੋ ਸਕਦਾ ਹੈ, ਪਰ ਸਤਿਸੰਗ ਇਸ ਤੋਂ ਅਗਲਾ ਪੜਾਅ ਹੀ ਹੈ। ਹੁਣ ਭੀ ਉਥੇ ਲੋਕੀ ਇਕੱਲੇ-ਦੁਕੱਲੇ ਜਾਂਦੇ ਹਨ, ਟਲ ਖੜਕਾ ਕੇ ਠਾਕੁਰ ਜੀ ਕੋਲ ਆਪਣੀ ਹਾਜ਼ਰੀ ਲਵਾਂਦੇ ਅਤੇ ਆਪੋ ਆਪਣੇ ਕਾਰੋ-ਬਾਰਾਂ ਨੂੰ ਚਲੇ ਜਾਂਦੇ ਹਨ। ਇਹਨਾਂ ਦੀ ਰੀਸੇ ਅਜ ਸਿਖ ਸਮਾਜ ਦਾ ਭੀ ਇਕ ਬਹੁਤ ਵੱਡਾ



www.AKJ.Org

ਹਿੱਸਾ, ਇਕੱਲਾ ਦੁਕੱਲਾ ਗੁਰੂ ਪਾਤਸ਼ਾਹ ਨੂੰ ਮਸਤਕ ਨਿਵਾ "ਹਾਜ਼ਰੀ ਲਗਵਾ ਕੇ" ਕਾਰੋ-ਬਾਰਾਂ ਵੱਲ ਚਲੇ ਜਾਂਦੇ ਹਨ, ਪਰ ਇਹ ਸਭ ਨਿਤ-ਕਰਮ ਸਤਿ-ਸੰਗਤ ਦੇ ਘੇਰੇ ਤੋਂ ਬਾਹਰ ਹਨ। ਹਿੰਦੂ ਸਮਾਜ ਵਿਚ ਜੋ ਕੋਈ ਇਕੱਠ ਹੁੰਦੇ ਭੀ ਸਨ ਤਾਂ ਉਹ ਵਿਸ਼ੇਸ਼ ਜਾਤਿ ਜਾਂ ਵਰਣ ਦੇ ਆਧਾਰ ਤੇ ਹੁੰਦੇ ਸਨ, ਦੂਜੀ ਜਾਤਾਂ ਦੇ ਲੋਕਾਂ ਜਾਂ ਇਸਤ੍ਰੀਆਂ ਨੂੰ ਉਸ ਵਿਚ ਸ਼ਾਮਲ ਹੋਣ ਦਾ ਕੋਈ ਵਿਧਾਨ ਨਹੀਂ ਸੀ। ਸ਼ੂਦਰ ਅਤੇ ਔਰਤ ਨੂੰ ਇਹੋ ਜਿਹੇ ਧਾਰਮਿਕ ਇਕੱਠਾਂ ਤੋਂ ਬਾਹਰ ਰਖਿਆ ਜਾਂਦਾ ਸੀ। ਹਾਂ, ਜਗਰਾਤੇ ਭੀ ਹੁੰਦੇ ਸਨ, ਭਜਨ-ਮੰਡਲੀਆਂ ਦੇ ਇਕੱਠ ਭੀ ਹੁੰਦੇ ਸਨ, ਪਰ ਇਹਨਾਂ ਦੇ ਭਜਨ ਕਿਸੇ ਨਾ ਕਿਸੇ ਦੇਵੀ ਜਾਂ ਦੇਵਤੇ ਦੀਆਂ ਖੁਸ਼ੀਆਂ ਲੈਣ ਲਈ ਹੁੰਦੇ ਸਨ। ਇਸ ਲਈ ਸੱਚੀ ਸਿਫ਼ਤ-ਸਲਾਹ ਤੋਂ ਸਖਣੇ ਹੋਣ ਕਰਕੇ ਗੁਰੂ ਪਾਤਸ਼ਾਹ ਦੀ ਉਤਮ ਪਰਿਭਾਸ਼ਾ ਤੋਂ ਬਹੁਤ ਉਰੇਡੇ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਨਵੇਂ ਸਮਾਜ ਦੀ ਉਸਾਰੀ ਕਰਨ ਦਾ ਜੋ ਮਿਸ਼ਨ ਧੁਰੋਂ ਕਰਤਾਰੋਂ ਲੈ ਕੇ ਆਏ ਸਨ, ਉਸਦਾ ਸਭ ਤੋਂ ਅਹਿਮ ਤੇ ਮਹੱਤਵ ਪੂਰਨ ਧੁਰਾ ਸੀ ਸਤਿਸੰਗਤ। ਲੋਕ ਇਕੱਠੇ ਤਾਂ ਹੁੰਦੇ ਸਨ, ਪਰ ਉਹਨਾਂ ਨੂੰ ਇਹ ਸੋਧ ਨਹੀਂ ਸੀ ਦਿਤੀ ਜਾਂਦੀ ਕਿ ਉਹਨਾਂ ਕਿਸ ਨਾਲ ਆਤਮਿਕ ਤੌਰ ਤੇ ਜੁੜਨਾ ਹੈ। ਦੇਵੀਆਂ ਜਾਂ ਦੇਵਤੇ ਕਿਸੇ ਪ੍ਰਾਣੀ ਨੂੰ ਆਪਣੇ ਵਿਚ ਸਮੋਵਣ ਲਈ ਤਿਆਰ ਨਹੀਂ। ਆਮ ਤੌਰ ਤੇ ਲੋਕੀਂ ਸੰਸਾਰਕ ਲੋੜਾਂ ਦੀ ਪੂਰਤੀ ਲਈ ਇਹਨਾਂ ਦੀ ਪੂਜਾ ਆਦਿ ਕਰਦੇ ਹਨ। ਉਹਨਾਂ ਦੇ ਮਨ ਵਿਚ ਹੁਣ ਭੀ ਇਹੋ ਖ਼ਿਆਲ ਹੈ ਕਿ ਇਹ ਰੱਬੀ ਸ਼ਕਤੀਆਂ ਪਾਠ ਜਾਂ ਪੂਜਾ ਤੋਂ ਪ੍ਰਸੰਨ ਹੋ ਕੇ ਪੁਤਰ, ਧਨ ਆਦਿ ਦਿੰਦੀਆਂ ਹਨ। ਪਰ ਸ੍ਰੀ ਗੁਰੂਦੇਵ ਜੀ ਨੇ ਮਨੁੱਖ ਮਾਤਰ ਨੂੰ ਮਾਨਸਿਕ ਤੌਰ ਤੇ ਨਵੀਂ ਸੇਧ ਦਿਤੀ ਕਿ ਸਤਿਸੰਗ ਕਰਨ ਦਾ ਮਨੋਰਥ ਨਿਰਾ ਰੱਬ ਨੂੰ ਖ਼ੁਸ਼ ਕਰਨਾ ਨਹੀਂ, ਸਗੋਂ ਸੱਚ ਦੀ ਨੇੜਤਾ ਪ੍ਰਾਪਤ ਕਰਨੀ ਹੈ। ਜਿਉਂ ਜਿਉਂ ਸੱਚ ਦੇ ਨੇੜੇ ਹੋਈਦਾ ਹੈ ਤਿਉਂ ਤਿਉਂ ਕੂੜ ਕੁਸੱਤ ਤੋਂ ਦੂਰ ਹੋਈਦਾ ਹੈ। ਜ਼ਿੰਦਗੀ ਦਾ ਮਨੋਰਥ ਕੂੜ ਵਿਚ ਸਮਾਉਣਾ ਨਹੀਂ, ਸੱਚ ਵਿਚ ਸਮਾਉਣਾ ਹੈ। ਸਤਿ ਦਾ ਸੰਗ ਕੀਤਿਆਂ ਸੱਚ ਦੇ ਨੇੜੇ ਹੁੰਦੇ ਜਾਈਦਾ ਹੈ, ਕੂੜ ਦੀ ਕੰਧ ਟੁਟਦੀ ਜਾਂਦੀ ਹੈ। ਮਨੁੱਖ ਸਚਿਆਰ ਪਦ ਵਲ ਵਧਦਾ ਹੈ। ਇਸ ਲਈ ਸਤਿਗੁਰੂ ਜੀ ਨੇ ਸਤਿਸੰਗ ਨੂੰ ਬਾਕੀ ਧਾਰਮਕ ਇਕੱਠਾਂ ਤੋਂ ਵਿਲੱਖਣ ਦਰਸਾਉਣ ਲਈ ਐਲਾਨ ਕੀਤਾ—

ਸਤ ਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ, ਨਾਨਕ, ਸਤਿਗੁਰਿ ਦੀਆ ਬੁਝਾਇ ਜੀਉ ॥੫॥

[ਸਿਰੀ ਰਾਗ ਮ: ੧, ਪੰਨਾ ੭੨]

ਸਤਿਸੰਗਤ ਦੀ ਇਹ ਬੜੀ ਮਹੱਤਵ ਪੂਰਨ ਵਿਆਖਿਆ ਹੈ। ਸਤਿਗੁਰ ਨਾਨਕ ਦੇਵ ਜੀ ਨੇ ਸਤਿਸੰਗਤ ਵਿਚ ਕੇਵਲ ਇਕੋ ਨਾਮ ਦੀ ਸਿਫ਼ਤ ਸਲਾਹ, ਤੇ ਵਾਹਿਗੁਰੂ ਜੀ ਦੇ ਗੁਣ ਗਾਉਣ ਦਾ ਹੀ ਉਪਦੇਸ਼ ਦਿਤਾ ਹੈ। ਤੇ ਹੁਕਮ ਕੀਤਾ ਹੈ ਕਿ ਸਤਿਸੰਗਤ ਵਿਚ ਕਿਸੇ ਕਿਸਮ ਦੀ ਹੋਰ ਕੋਈ ਕਥਾ ਕਹਾਣੀਆਂ ਨਹੀਂ ਛੇੜਨੀਆਂ। ਕੇਵਲ ਨਾਮ ਜਪਣਾ ਤੇ ਕੀਰਤਨ ਕਰਨਾ ਹੈ। ਇਸ ਮਨੋਰਥ ਲਈ ਗੁਰਬਾਣੀ ਦੀ ਰਚਨਾ ਹੋਈ। ਗੁਰਬਾਣੀ ਅਕਾਲ ਪੁਰਖ ਦੀ ਸਿਫ਼ਤ ਸਲਾਹ ਕਰਦੀ ਹੈ। ਸਤਿਸੰਗਤ ਗੁਰਬਾਣੀ ਨੂੰ ਸਿਫ਼ਤ ਸਲਾਹ ਦਾ ਕੀਰਤਨ-ਮਾਧਮ ਬਣਾਉਂਦੀ ਹੈ। ਬਾਣੀ ਦੀ ਇਕ ਹੋਰ ਵਿਸ਼ੇਸਤਾ ਇਹ ਹੈ ਕਿ ਇਹ ਧੁਰੋਂ ਆਈ ਹੈ ਤੇ ਗਾਉਣਹਾਰੇ ਨੂੰ ਧੁਰ ਤਕ ਲੈ ਜਾ ਸਕਦੀ ਹੈ।

ਸ੍ਰੀ ਗੁਰੂ ਅਮਰਦਾਸ ਜੀ ਸਤਿਸੰਗਤ ਦੇ ਪਿਛੋਕੜ ਬਾਰੇ ਦਸਦੇ ਹੋਏ ਗਉੜੀ ਰਾਗ ਵਿਚ ਫ਼ੁਰਮਾਉਂਦੇ ਹਨ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਥੇ ਜਿਥੇ ਭੀ ਚਰਨ ਪਾਏ, ਉਥੇ ਉਥੇ ਸੰਗਤਾਂ ਕਾਇਮ ਕੀਤੀਆਂ, ਤਾਂਕਿ ਸਤਸੰਗੀ ਇਕੱਠੇ ਹੋ ਕੇ ਨਾਮ ਜਪਣ, ਤੇ ਹਰਿ ਜਸ ਦੇ ਲਾਹੇ ਲੈਣ—

ਜਿਹ ਸਤਿਗੁਰੁ ਤਹ ਸਤਸੰਗਤਿ ਬਣਾਈ ॥
ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ ॥
ਜਹ ਸਤਿਗੁਰੁ ਤਹਾ ਹਉਮੈ ਸਬਦਿ ਜਲਾਈ ॥੨॥੯॥੨੯॥ (ਪੰਨਾ ੧੬੦)



www.AKJ.Org

ਉਪਰੋਕਤ ਕਥਨ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਸੰਗਤ ਵਿਚ ਕੇਵਲ ਵਾਹਿਗੁਰੂ ਜੀ ਦੇ ਗੁਣ ਗਾਇਨ ਕੀਤੇ ਜਾਂਦੇ ਹਨ ਅਤੇ ਹਉਮੈ ਦਾ ਸ਼ਬਦ ਰਾਹੀਂ (ਗੁਰਮੰਤ੍ਰ ਰਾਹੀਂ) ਨਾਸ ਹੁੰਦਾ ਹੈ। ਇਕ ਗੱਲ ਹੋਰ ਭੀ ਸਪਸ਼ਟ ਕੀਤੀ ਗਈ ਹੈ ਕਿ ਸਤਿਸੰਗਤ ਸਤਿਗੁਰੂ ਤੋਂ ਬਿਨਾ ਹੋ ਹੀ ਨਹੀਂ ਸਕਦੀ। ਸਾਧ ਸੰਗਤ ਦਾ ਮਤਲਬ ਹੀ ਇਹੋ ਹੈ ਕਿ ਇਸ ਸੰਗਤ ਦਾ ਕੇਂਦਰੀ ਧੁਰਾ ਸਤਿਗੁਰੂ-ਸਾਧ ਹਨ। ਤੇ ਸਤਿਗੁਰੂ ਨੂੰ ਗੁਰਮੰਤ੍ਰ (ਸ਼ਬਦ) ਦੇਣ ਦਾ ਅਧਿਕਾਰ ਹੈ :—ਸਤਿਗੁਰ ਬਾਝਹੁ ਸੰਗਤਿ ਨ ਹੋਈ ॥

ਬਿਨੁ ਸਬਦੇ ਪਾਰੁ ਨ ਪਾਏ ਕੋਈ ॥
ਸਹਜੇ ਗੁਣ ਰਵਹਿ ਦਿਨੁ ਰਾਤੀ, ਜੋਤੀ ਜੋਤਿ ਮਿਲਾਇਆ ॥੧੨॥

(ਮਾਰੂ ਮ. ੩—ਪੰਨਾ ੧੦੬੮)

ਸੰਗਤ ਵਿਚ ਸਤਿਗੁਰੂ ਦੀ ਹਜ਼ੂਰੀ ਜ਼ਰੂਰੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਜ਼ਰੂਰੀ ਹੈ। ਅਤੇ ਸੰਗਤ ਵਿਚ ਪੂਰਨ ਭੈ-ਭਾਵਨੀ, ਅਦਬ ਤੇ ਅਨੁਸ਼ਾਸਨ ਦਾ ਪਾਲਨ ਕਰਨਾ ਲਾਜ਼ਮੀ ਹੈ। ਸਤਿਸੰਗਤ ਸਤਿਗੁਰੂ ਜੀ ਦਾ ਉਹ ਸਕੂਲ ਹੈ ਜਿਥੇ ਹਰ ਸਿਖ ਨੂੰ ਗੁਰਮਤਿ ਮਾਰਗ ਦੇ ਸਿਧਾਂਤਾਂ ਨੂੰ ਸਮਝਣ ਲਈ ਟ੍ਰੇਨਿੰਗ ਦਿਤੀ ਜਾਂਦੀ ਹੈ। ਸ੍ਰੀ ਗੁਰੂ ਰਾਮਦਾਸ ਜੀ ਇਸੇ ਵਿਚਾਰ ਨੂੰ ਕਾਨੜੇ ਕੀ ਵਾਰ ਮ: ੪ ਦੀ ਅਠਵੀਂ ਪਉੜੀ ਵਿਚ ਸਪਸ਼ਟ ਕਰਦੇ ਹਨ—

ਸਤਸੰਗਤ ਸਤਿਗੁਰ ਚਟਸਾਲ ਹੈ, ਜਿਤੁ ਹਰਿ ਗੁਣ ਸਿਖਾ ॥
ਧਨੁ ਧੰਨੁ ਸੁ ਰਸਨਾ, ਧੰਨੁ ਕਰ, ਧੰਨੁ ਸੁ ਪਾਧਾ ਸਤਿਗੁਰੂ, ਜਿਤੁ ਮਿਲਿ ਹਰਿ ਲੇਖਾ ਲਿਖਾ ॥੮॥ (੧੩੧੬)

ਡਾਕਟਰ ਭਾਈ ਜੋਧ ਸਿੰਘ ਜੀ ਨੇ ਇਹ ਗੱਲ ਕਹੀ ਹੈ ਕਿ ਜਿਥੇ ਭੀ ਸਤਿਗੁਰੂ ਜੀ ਦੇ ਸ਼ਬਦ ਦੀ ਵੀਚਾਰ ਹੁੰਦੀ ਹੈ ਉਥੇ ਸਤਿਸੰਗ ਹੈ। ਸਤਿਗੁਰੂ ਜੀ ਦੀ ਹਜ਼ੂਰੀ ਤਾਂ ਅਜੋਕੇ ਸਮੇਂ ਅੰਦਰ ਸਹਜੇ ਹੀ ਬਣ ਆਉਂਦੀ ਹੈ। ਇਸ ਸਤਿਸੰਗਤ ਵਿਚ ਵਾਹਿਗੁਰੂ ਜੀ ਦੀ ਸਿਫ਼ਤ ਸਲਾਹ ਕਰਨ ਵਾਲੀ ਰਸਨਾ ਨੂੰ ਧੰਨ ਆਖਿਆ ਹੈ, ਸਤਸੰਗੀਆਂ ਦੀ ਸੇਵਾ ਕਰਨ ਵਾਲੇ ਹੱਥਾਂ ਨੂੰ ਭੀ ਧੰਨ ਆਖਿਆ ਹੈ, ਅਤੇ ਸਤਿਗੁਰੂ ਪਾਧਾ ਭੀ ਧੰਨਤਾ ਜੋਗ ਹਨ, ਜਿਨ੍ਹਾਂ ਦੀ ਪਾਰਸ-ਛੋਹ ਸਦਕਾ ਹਰਿ-ਜਸ ਦਾ ਲਾਹਾ ਲਈਦਾ ਹੈ।

ਗੁਰਮਤਿ ਅਨੁਸਾਰ ਸਤਿਸੰਗਤ ਅਤੇ ਹੋਰ ਕਈ ਪ੍ਰਕਾਰੀ ਇਕੱਠਾਂ ਵਿਚਕਾਰ ਫ਼ਰਕ ਦਾ ਆਧਾਰ ਕੇਵਲ ਇਕੋ ਹੀ ਹੈ ਕਿ ਸਤਿਸੰਗਤ ਵਿਚ ਇਕੋ ਨਾਮ ਦੀ ਵੀਚਾਰ ਹੁੰਦੀ ਹੈ, ਬਾਕੀ ਇਕੱਠਾਂ ਵਿਚ ਨਾਮ ਨੂੰ ਛਡ ਕੇ ਹੋਰ ਹੋਰ ਗੱਲਾਂ ਕੀਤੀਆਂ ਜਾਂਦੀਆਂ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਸਪਸ਼ਟ ਕਰਦੇ ਹਨ :—

ਸਚੀ ਬੈਸਕ ਤਿਨ੍ਹਾ ਸੰਗਿ, ਜਿਨ੍ ਸੰਗਿ ਜਪੀਐ ਨਾਉ ॥
ਤਿਨ੍ ਸੰਗਿ ਸੰਗੁ ਨ ਕੀਚਈ, ਨਾਨਕ, ਜਿਨਾ ਆਪਣਾ ਸੁਆਉ ॥੨॥੧੦॥

[ਮ: ੫, ਪੰਨਾ ੫੨੦]

ਸਤਿਗੁਰੂ ਜੀ ਨੇ ਥਾਂ ਥਾਂ ਜੋ ਸੰਗਤਾਂ ਕਾਇਮ ਕੀਤੀਆਂ, ਉਹਨਾਂ ਵਿਚ ਹਰ ਵਰਣ, ਹਰ ਵਰਗ, ਹਰ ਮਜ਼ਹਬ ਦੇ ਲੋਗ ਸ਼ਾਮਲ ਹੋ ਸਕਦੇ ਸਨ। ਉਹਨਾਂ ਵਿਚ ਇਹ ਜ਼ਰੂਰੀ ਨਹੀਂ ਸੀ ਕਿ ਸਾਰੇ ਹੀ ਪਹੁੰਚੇ ਹੋਏ ਆਤਮਿਕ ਰਾਹ ਦੇ ਪਾਂਧੀ ਸ਼ਾਮਲ ਹੋਣ। ਇਸ ਵਿਚ ਕੁਝ ਉਹ ਸਿਖ ਵੀ ਹੋ ਸਕਦੇ ਹਨ, ਜੋ ਗੁਰਮਤਿ ਮਾਰਗ ਤੇ ਨਿਰੋਲ ਨਵੇਂ ਪਾਂਧੀ ਹੁੰਦੇ ਹਨ। ਪਰ ਸਭ ਦਾ ਉਦੇਸ਼ ਇਕੋ ਹੁੰਦਾ ਹੈ ਕਿ ਗੁਰੂ ਪਾਤਿਸ਼ਾਹ ਦੇ ਚਰਨਾਂ ਨਾਲ ਜੁੜਨਾ, ਹਰਿ-ਜਸ ਵਿਚ ਸ਼ਾਮਲ ਹੋਣਾ। ਇਸ ਲਈ ਹਰਿ ਸਿਖ ਸਾਵਧਾਨ, ਹੋ ਕੇ ਨਾਮ ਸਿਮਰਨ ਵਿਚ ਜੁਟਦਾ ਹੈ। ਇਸ ਸਤਿਸੰਗ ਵਿਚ ਪ੍ਰਭੂ ਦਾ ਵਾਸਾ ਹੁੰਦਾ ਹੈ, ਪਰ ਦੂਜੇ ਇਕੱਠ ਸਖਣੇ ਸਖਣੇ ਹੀ ਰਹਿੰਦੇ ਹਨ। ਸਤਿਸੰਗਤ ਸਚਖੰਡ ਹੈ, ਜਿਥੇ ਨਿਰੰਕਾਰ ਆਪ ਵਸਦਾ ਹੈ ਤੇ ਸਭ ਨੂੰ ਰਸ ਨਾਲ ਭਰਪੂਰ ਕਰਦਾ ਹੈ। ਭਾਰਤੀ ਧਰਮ-ਚਿੰਤਨ ਵਿਚ ਇਹ ਗੱਲ ਬਿਲਕੁਲ ਨਵੀਨ ਹੈ। ਕਾਨੜੇ ਕੀ ਵਾਰ ਮ: ੪ ਵਿਚ ਸ੍ਰੀ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ :—

ਵਿਚਿ ਸੰਗਤ ਹਰਿ ਪ੍ਰਭੁ ਵਰਤਦਾ, ਬੁਝਹੁ ਸਬਦ ਵੀਚਾਰਿ ॥


www.AKJ.Org

ਮਨਿ ਹਰਿ ਹਰਿ ਨਾਮੁ ਧਿਆਇਆ, ਬਿਖੁ ਹਉਮੈ ਕਢੀ ਮਾਰਿ ॥ [੧੩੧੪]

ਭਾਈ ਗੁਰਦਾਸ ਜੀ ਇਸ ਵਿਚਾਰ ਨੂੰ ਆਪਣੇ ਸ਼ਬਦਾਂ ਵਿਚ ਕੁਝ ਇਸ ਤਰ੍ਹਾਂ ਬਿਆਨ ਕਰਦੇ ਹਨ :—

ਪਾਰਬ੍ਰਹਮੁ ਗੁਰ ਸਬਦੁ ਹੈ ਸਤਸੰਗਿ ਨਿਵਾਸੀ ॥
ਸਾਧ ਸੰਗਤਿ ਸਚਖੰਡੁ ਹੈ ਭਾਉ ਭਗਤਿ ਅਭਿਆਸੀ ॥ [ਵਾਰ ੯/੧]

ਅਤੇ ਇਉਂ ਭੀ ਲਿਖਿਆ ਹੈ :—

ਪਾਰਬ੍ਰਹਮੁ ਪੂਰਨ ਬ੍ਰਹਮੁ ਸਤਿਗੁਰੁ, ਸਾਧ ਸੰਗਤਿ ਵਿਚ ਵਸੈ ॥ [ਵਾਰ ੩੯/੧੨]

ਭਾਈ ਗੁਰਦਾਸ ਜੀ ਦਾ ਕਥਨ ਹੈ ਕਿ ਜੇ ਕਿਸੇ ਨੇ ਇਸ ਧਰਤੀ ਤੇ ਸਚਖੰਡ ਦੇ ਦਰਸ਼ਨ ਕਰਨੇ ਹੋਣ ਤਾਂ ਉਹ ਸਤਿਗੁਰੂ ਜੀ ਦੀ ਸਤਿਸੰਗਤ ਦੇ ਦਰਸ਼ਨ ਕਰੇ। ਕਿਉਂਕਿ—"ਪਾਰਬ੍ਰਹਮ ਗੁਰ ਰੂਪੁ ਹੋਇ ਸਾਧ ਸੰਗਤਿ ਗੁਰ ਸਬਦਿ ਸਮਾਇਆ" [ਵਾਰ ੬/੨] ਹੁੰਦਾ ਹੈ। ਇਸ ਲਈ—

ਸਾਧ ਸੰਗਤਿ ਸਚਖੰਡ ਵਿਚਿ, ਸਤਿਗੁਰ ਪੁਰਖੁ ਵਸੈ ਨਿਰੰਕਾਰਾ ॥
ਭਾਇ ਭਗਤਿ ਗੁਰਮੁਖਿ ਨਿਸਤਾਰਾ ॥ [ਵਾਰ ੬/੪]

ਦਰ-ਅਸਲ ਸਰਗੁਣ ਸਰੂਪ ਦੇ ਪੁਜਾਰੀ, ਗੁਰਮਤਿ ਦੀ ਇਸ ਰਮਜ਼ ਨੂੰ ਨਹੀਂ ਸਮਝ ਸਕਣਗੇ ਕਿ ਕਿਵੇਂ ਪਾਰਬ੍ਰਹਮ ਸਤਿਗੁਰ ਵਿਚ ਤੇ ਸਤਿਗੁਰ (ਦ੍ਰਿੜ੍ਹ ਕਰਾਏ) ਸ਼ਬਦ ਵਿਚ ਅਤੇ ਸਾਧ ਸੰਗਤ ਵਿਚ ਸਮਾ ਜਾਂਦਾ ਹੈ। ਇਸ ਸਤਿਸੰਗਤ ਨੂੰ ਭਾਈ ਗੁਰਦਾਸ ਜੀ ਪਾਤਸ਼ਾਹਾਂ ਦੀ ਮਜਲਿਸ ਭੀ ਆਖਦੇ ਹਨ, ਜਿਥੇ ਨਾਮ-ਅੰਮ੍ਰਿਤ ਦਾ ਪਿਰਮ ਪਿਆਲਾ ਹਰ ਇਕ ਸਿਖ ਨੂੰ ਮਿਲਦਾ ਹੈ ਤੇ ਇਸ ਪਿਰਮ ਪਿਆਲੇ ਦੀ ਨਾਮ-ਖੁਮਾਰੀ ਦਾ ਬਹੁਤ ਹੀ ਅਚਰਜ ਰਸ ਹੁੰਦਾ ਹੈ। ਹਰ ਸਿਖ ਦੂਜੇ ਨੂੰ ਨਾਮ ਜਪਣ ਵਿਚ ਸਹਾਇਤਾ ਕਰਦਾ ਹੈ :—

ਸਤਿਗੁਰ ਸਚਾ ਪਾਤਸ਼ਾਹੁ, ਪਾਤਸ਼ਾਹਾਂ ਪਾਤਸ਼ਾਹ ਜੁਹਾਰੀ ॥
ਸਾਧ ਸੰਗਤਿ ਸਚਖੰਡੁ ਹੈ ਆਇ ਝਰੋਖੈ ਖੋਲੈ ਬਾਰੀ ॥......
ਪਾਤਸ਼ਾਹਾਂ ਦੀ ਮਜਲਸੈ ਪਿਰਮੁ ਪਿਆਲਾ ਪੀਵਣ ਭਾਰੀ ॥
ਸਾਕੀ ਹੋਇ ਪੀਲਾਵਣਾ ਉਲਸ ਪਿਆਲੈ ਖਰੀ ਖੁਮਾਰੀ ॥
ਭਾਇ ਭਗਤਿ ਭੈ ਚਲਣਾ, ਮਸਤ ਅਲਮਸਤ ਸਦਾ ਹੁਸ਼ਿਆਰੀ ॥ [ਵਾਰ ੧੧/੧]

ਸਾਧ ਸੰਗਤ ਵਿਚ ਰਲਣ ਤੋਂ ਮਗਰੋਂ, ਗੁਰਸਿਖ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਦਾ ਹੈ, ਇਥੇ ਉਸ ਵਲ ਭਾਈ ਸਾਹਿਬ ਜੀ ਸੰਕੇਤ ਕਰ ਰਹੇ ਹਨ।

ਸਿਖ ਨੂੰ ਮਾਨਸਿਕ ਤੌਰ ਤੇ ਬਲਵਾਨ ਕਰਨ ਲਈ ਸਤਿਗੁਰਾਂ ਨੇ ਸਤਿਸੰਗਤ ਦੀ ਮਜ਼ਬੂਤ ਵਾੜ ਸਿਖ ਦੇ ਦੁਆਲੇ ਲਗਾਈ ਸੀ, ਜਿਸ ਰਾਹੀਂ ਉਸਨੂੰ ਸਮਾਜਿਕ ਸੁਰੱਖਿਆ ਅਤੇ ਆਤਮ-ਕਲਿਆਨ ਦੋਵੇਂ ਇਕੋ ਸਮੇਂ ਮਿਲਦੇ ਰਹਿਣ। ਸਿਖ ਇਤਿਹਾਸ ਗਵਾਹ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਮਗਰੋਂ ਕਿਵੇਂ ਖਾਲਸਾ ਸੰਗਤ ਨੇ ਪੰਜਾਬ ਵਿਚ ਆਪਣੇ ਆਪ ਦੀ ਅਤੇ ਹੋਰ ਬੇਅੰਤ ਮਾਸੂਮਾਂ ਦੀ ਜ਼ੁਲਮ ਅਤੇ ਜਬਰ ਤੋਂ ਰਖਿਆ ਕੀਤੀ। ਭਾਵੇਂ ਇਤਿਹਾਸਕਾਰ ਇਸਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਗਤ ਦਾ ਵਿਰਾਟ ਰੂਪ ਹੀ ਮੰਨਣ।

ਇਸ ਗੱਲ ਵਿਚ ਕੋਈ ਸ਼ਕ ਨਹੀਂ ਕਿ ਸਾਧ ਸੰਗਤ ਹੀ ਇਕ ਮਹਾਨ ਟ੍ਰੇਨਿੰਗ ਸਕੂਲ ਹੈ, ਜਿਥੇ ਗੁਰਮਤਿ ਅਸੂਲਾਂ ਦੀ ਵਿਚਾਰ ਤੇ ਵਿਆਖਿਆ ਹੁੰਦੀ ਚਲੀ ਆਈ ਹੈ। ਇਸ ਮਜਲਿਸ ਵਿਚ ਹਰ ਨਵੇਂ ਪਾਂਧੀ ਨੂੰ ਗੁਰਮਤਿ ਮਾਰਗ ਦੀ ਸੇਧ ਮਿਲਦੀ ਹੈ। ਮਨੁਖੀ ਜੀਵਨ ਉਤਨਾ ਚਿਰ ਅੰਧੇਰੇ ਵਿਚ ਰਹਿੰਦਾ ਹੈ ਜਿਤਨਾ ਚਿਰ ਉਸਨੂੰ ਆਪਣੇ ਆਪੇ ਦਾ, ਆਪਣੇ ਮੂਲ ਸੋਮੇ ਦਾ ਫੁਰਨਾ ਨਹੀਂ ਫੁਰਦਾ। ਫੁਰਨਾ ਫੁਰਨ ਪਿਛੋਂ ਹੀ ਮਨੁਖ ਪੁਛ ਪੜਤਾਲ ਕਰਦਾ ਹੈ। ਫਿਰ ਉਹ ਐਸੇ ਗੁਰਮੁਖ ਜਨਾਂ ਦੀ ਖੋਜ ਤੇ ਸੰਗਤ ਕਰਦਾ ਹੈ ਜੋ ਆਤਮਿਕ ਪਾਂਧੀ ਹਨ। ਸਤਿਸੰਗਤ ਵਿਚ ਜਾਣ ਨਾਲ ਉਸ ਦੀ ਜਾਗ ਖੁਲ੍ਹਦੀ ਹੈ। ਜੋ ਜੀਵਨ ਪਹਿਲਾਂ ਅੰਧੇਰੇ ਵਿਚ ਸੀ, ਹੁਣ ਉਸ ਵਿਚ ਚਾਨਣੇ ਦੀਆਂ ਰਿਸ਼ਮਾਂ ਝਿਲਮਿਲ ਕਰਨ ਲਗ ਪੈਂਦੀਆਂ ਹਨ—



www.AKJ.Org

ਗੁਰ ਪਰਸਾਦਿ ਸਹਜ ਘਰੁ ਪਾਇਆ, ਮਿਟਿਆ ਅੰਧੇਰਾ, ਚੰਦੁ ਚੜਿਆ ॥੧॥

[ਆਸਾ ਮ: ੫, ਪੰਨਾ ੩੯੩]

ਇਸ ਲਈ ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਜੋ ਮਨੁਖ ਸਤਿਗੁਰ ਦੀ ਸ਼ਰਨ ਜਾਂ ਸੰਗਤ ਵਿਚ ਨਹੀਂ ਆਉਂਦੇ, ਉਹਨਾਂ ਦਾ ਹੁਣ ਤਕ ਦਾ ਬੀਤ ਚੁਕਾ ਜੀਵਨ ਧ੍ਰਿਕਾਰ ਹੈ, ਅਤੇ ਅਗੋਂ ਭੀ ਜੇਕਰ ਉਹ ਬਿਨਾਂ ਸਤਿਸੰਗਤ ਦੇ ਰਹਿਣਗੇ ਤਾਂ ਅਗੋਂ ਭੀ ਧ੍ਰਿਗ ਹੀ ਜੀਉਣਗੇ—

ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ, ਧ੍ਰਿਗੁ ਜੀਵੇ, ਧ੍ਰਿਗੁ ਜੀਵਾਸਿ ॥੩॥

[ਗੂਜਰੀ ਮ: ੪, ਪੰਨਾ ੪੯੨]

ਸਤਿਗੁਰਾਂ ਨੇ ਸਮਕਾਲੀ ਭਗਤੀ ਪਰੰਪਰਾ ਨੂੰ ਚੰਗੀ ਤਰ੍ਹਾਂ ਦੇਖ ਲਿਆ ਸੀ ਕਿ ਹਰ ਵਿਅਕਤੀ ਆਪ ਆਪਣੇ ਘੁਰਨੇ ਵਿਚ, ਕਿਤੇ ਜੰਗਲਾਂ ਵਿਚ, ਕਿਤੇ ਗੁਫਾਵਾਂ ਵਿਚ ਬੈਠਾ ਸਮਾਧੀ ਲਾਉਣਾ ਪਸੰਦ ਕਰਦਾ ਹੈ। ਕਿਸੇ ਨੇ ਜਲ ਅੰਦਰ ਸਮਾਧੀ ਲਾਈ ਹੋਈ ਹੈ, ਕਿਸੇ ਨੇ ਥਲ ਅੰਦਰ। ਪਰ ਸਭ ਇਕੱਲੇ ਇਕੱਲੇ ਭਗਤੀ ਕਰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਹਨਾਂ ਲੁਕ ਕੇ ਬੈਠੇ ਮਹਾਨ ਪੁਰਸ਼ਾਂ ਦਾ ਮਾਨਸਿਕ ਸੰਤੁਲਨ ਪਰਖਣ ਲਈ ਬੜੀਆਂ ਲੰਮੀਆਂ ਉਦਾਸੀਆਂ ਤੇ ਜਾਣਾ ਪਿਆ। ਡੂੰਘੀ ਵੀਚਾਰ ਕਰਨ ਤੋਂ ਸਪਸ਼ਟ ਹੁੰਦਾ ਹੈ ਕਿ ਇਹਨਾਂ ਹੱਠੀਆਂ, ਜਪੀਆਂ, ਤਪੀਆਂ ਦਾ ਸੁਧਾਰ ਭੀ ਤਾਂ ਸਤਿਗੁਰਾਂ ਨੇ ਹੀ ਕਰਨਾ ਸੀ ਤੇ ਸਾਨੂੰ ਇਹ ਸਿਖਾਉਣਾ ਸੀ ਕਿ ਇਕੱਲੇ ਇਕੱਲੇ ਬੈਠ ਤਪੱਸਵੀ ਦਾ ਮਨ ਹੰਕਾਰ ਨਾਲ ਆਫਰ ਜਾਂਦਾ ਹੈ, ਤੇ ਉਹ ਵਰ ਸਰਾਪ ਦੇਣ ਤੋਂ ਸਿਵਾਏ ਲੋਕਾਂ ਨੂੰ ਹੋਰ ਕੁਝ ਨਹੀਂ ਦੇ ਸਕਦੇ, ਪ੍ਰਭੂ ਨਾਲ ਜੋੜਨਾ ਤਾਂ ਕਿਤੇ ਰਿਹਾ। ਵਲੀ ਕੰਧਾਰੀ ਕਿਸੇ ਪਿਆਸੇ ਨੂੰ ਇਕ ਬੁਕ ਪਾਣੀ ਨਹੀਂ ਸੀ ਦੇ ਸਕਿਆ, ਪੀਰ ਹਮਜ਼ਾ ਗੌਂਸ ਕਿਸੇ ਇਕ ਦੇ ਮੋਹ-ਵਸ ਹੋਣ ਕਰਕੇ ਸਾਰੇ ਸਿਆਲਕੋਟ ਸ਼ਹਿਰ ਨੂੰ ਨਸ਼ਟ ਕਰਨ ਲਈ ਚਲੀਹਾ ਕਟ ਰਿਹਾ ਸੀ। ਗੋਰਖ ਨਾਥ ਆਦਿ ਜੋਗੀ ਪਰਬਤਾਂ ਤੇ ਚੜ੍ਹ ਕੇ ਧਿਆਨ-ਮਗਨ ਰਹਿਣਾ ਜ਼ਿਆਦਾ ਚੰਗਾ ਸਮਝਦੇ ਸਨ। ਕੁੰਭ ਜਾਂ ਹੋਰ ਮੇਲਿਆਂ ਤੇ ਆ ਕੇ ਅਤੇ ਰਿੱਧੀਆਂ ਸਿੱਧੀਆਂ ਦਿਖਾ ਕੇ ਲੋਕਾਂ ਦੀ ਵਾਹ ਵਾਹ ਲੈਣ ਵਿਚ ਹੀ ਖੁਸ਼ੀ ਮਹਿਸੂਸ ਕਰਦੇ ਸਨ। ਉਹਨਾਂ ਦੇ ਮਨ ਵਿਚੋਂ ਹਉਮੈ ਨਹੀਂ ਸੀ ਗਈ। ਉਨ੍ਹਾਂ ਨੇ ਇਨਸਾਨ ਨੂੰ ਇਨਸਾਨ ਨਹੀਂ ਸਮਝਿਆ। ਉਹ ਗ੍ਰਿਹਸਥੀਆਂ ਦਾ ਘਟੀਆ ਤੇ ਅਪਮਾਨਜਨਕ ਸ਼ਬਦਾਂ ਨਾਲ ਨਿਰਾਦਰ ਕਰਦੇ ਸਨ, ਨਾਲੇ ਉਹਨਾਂ ਪਾਸੋਂ ਪਰਸ਼ਾਦ ਪਾਣੀ ਛਕਦੇ ਸਨ।

ਪਰ ਧੰਨ ਹਨ ਸਤਿਗੁਰੂ, ਜਿਨ੍ਹਾਂ ਨੇ ਉਹਨਾਂ ਨੂੰ ਰਾਹੇ ਪਾਇਆ ਤੇ ਉਹਨਾਂ ਨੂੰ ਭੀ ਜਾ ਕੇ ਇਹੋ ਕਿਹਾ :—

ਬਾਬਾ ਬੋਲੇ ਨਾਥ ਜੀ, ਅਸਾਂ ਵੇਖੇ, ਜੋਗੀ ਵਸਤੁ ਨ ਕਾਈ ॥
ਗੁਰੂ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ ॥ [ਵਾਰ ੧, ਪਉੜੀ ੪੨]

ਉਨ੍ਹਾਂ ਨੂੰ ਕਿਹਾ ਕਿ ਸਾਡੀ ਨਜ਼ਰ ਵਿਚ ਜੋਗੀ ਅਤੇ ਜੋਗੇ ਕਾ ਮਾਰਗ ਕੁਝ ਵੀ ਨਹੀਂ। ਸਾਨੂੰ ਤੇ ਗੁਰ-ਸੰਗਤ ਅਤੇ ਗੁਰਬਾਣੀ ਤੋਂ ਬਿਨਾਂ ਹੋਰ ਕਿਸੇ ਦੀ ਓਟ ਹੀ ਨਹੀਂ।

ਜਿਥੇ ਜਿਥੇ ਵੀ ਗੁਰੂ ਬਾਬਾ ਜੀ ਉਦਾਸੀਆਂ ਸਮੇਂ ਵਿਚਰਦੇ ਰਹੇ ਉਥੇ ਉਥੇ ਜੋ ਸਿਖ 'ਗੁਰੂ ਕੇ' ਹੋ ਜਾਂਦੇ, ਸਨਮੁਖ ਹੋ ਜਾਂਦੇ, ਉਨ੍ਹਾਂ ਦੀ ਉਥੇ ਸੰਗਤ ਕਾਇਮ ਕਰ ਦਿੰਦੇ, ਜੋ ਨਿਤ ਗੁਰੂ ਚਰਨਾਂ ਵਿਚ ਜੁੜਨ ਲਈ ਅੰਮ੍ਰਿਤ ਵੇਲੇ ਜੁੜ ਬੈਠਦੇ ਅਤੇ ਗੁਰੂ ਉਪਦੇਸ਼ ਦੀ ਕਮਾਈ ਕਰਦੇ। ਗੁਰੂ ਕੇ ਸਨਮੁਖ ਸਿਖ ਦੇ ਲਛਣ ਗੁਰੂ ਅਮਰਦਾਸ ਜੀ ਇਉਂ ਪ੍ਰਗਟ ਕਰਦੇ ਹਨ—

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥
ਹੋਵੈ ਤ ਸਨਮੁਖੁ ਸਿਖੁ ਕੋਈ, ਜੀਅਹੁ ਰਹੈ ਗੁਰ ਨਾਲੇ ॥
ਗੁਰ ਕੇ ਚਰਨ ਹਿਰਦੈ ਧਿਆਏ, ਅੰਤਰ ਆਤਮੈ ਸਮਾਲੇ ॥
ਆਪੁ ਛਡਿ ਸਦਾ ਰਹੈ ਪਰਣੈ, ਗੁਰ ਬਿਨੁ ਅਵਰੁ ਨ ਜਾਣੈ ਕੋਏ ॥
ਕਹੈ ਨਾਨਕੁ ਸੁਣਹੁ ਸੰਤਹੁ, ਸੋ ਸਿਖੁ ਸਨਮੁਖੁ ਹੋਏ ॥੨੧॥ (ਅਨੰਦੁ ਸਾਹਿਬ)



www.AKJ.Org

ਗੁਰੂ ਕਾ ਸਨਮੁਖ ਸਿਖ, ਆਪਾ ਭਾਵ ਤਿਆਗ ਕੇ ਸਦਾ ਗੁਰੂ ਦੇ ਆਸਰੇ ਪਰਨੇ ਰਹਿੰਦਾ ਹੈ, ਉਹ ਹਿਰਦਿਓਂ ਗੁਰੂ ਦੇ ਨਾਲ ਵਸਦਾ ਹੈ ਅਤੇ ਗੁਰੂ ਤੋਂ ਬਿਨਾਂ ਹੋਰ ਕਿਸੇ ਨੂੰ ਕੁਝ ਨਹੀਂ ਸਮਝਦਾ। ਉਹ ਨਿਤ ਗੁਰੂ ਕੇ ਚਰਨਾਂ ਵਿਚ ਜੁੜ ਕੇ ਅੰਤਰ ਆਤਮੇ ਤੋਂ ਨਾਮ ਸਿਮਰਦਾ ਤੇ ਸਿਫਤ ਸਲਾਹ ਵਿਚ ਜੁੜਦਾ ਹੈ। ਐਸੇ ਗੁਰੂ ਕੇ ਸਨਮੁਖ ਸਿਖਾਂ ਦੀਆਂ ਸੰਗਤਾਂ ਗੁਰੂ ਬਾਬੇ ਨੇ ਕਾਇਮ ਕੀਤੀਆਂ। ਗੁਰੂ ਕੇ ਸਿਖਾਂ ਦੇ ਘਰ ਹੀ ਧਰਮਸਾਲਾਂ ਬਣ ਗਈਆਂ, ਜਿਹਾ ਕਿ ਭਾਈ ਗੁਰਦਾਸ ਜੀ ਦਾ ਕਥਨ ਹੈ—

ਘਰ ਘਰ ਅੰਦਰਿ ਧਰਮਸਾਲ, ਹੋਵੈ ਕੀਰਤਨੁ ਸਦਾ ਵਿਸੋਆ ॥੧੭॥੧॥

ਇਉਂ ਗੁਰੂ ਕੇ ਵਰੋਸਾਇ ਸਿਖ, ਸੰਗਤੀ ਰੂਪ ਵਿਚ ਨਿਤ ਜੁੜਦੇ। ਪ੍ਰਮਾਰਥ ਦੇ ਅਭਿਲਾਖੀ ਹੋਰ ਹੋਰ ਪ੍ਰਾਣੀ ਵੀ ਜੋ ਇਨ੍ਹਾਂ ਦੀ ਸੰਗਤ ਵਿਚ ਆਂਦੇ, ਉਹ ਵੀ ਇਨ੍ਹਾਂ ਨਾਲ ਮਿਲ ਕੇ ਸਤਸੰਗਤ ਦੀ ਤੁਫੈਲ ਗੁਰੂ ਕੇ ਸਨਮੁਖ ਸਿਖ ਬਣਦੇ ਜਾਂਦੇ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਤਾਂ ਦੋ ਗੁਰਸਿਖਾਂ ਦੇ ਗੁਰੂ-ਚਰਨਾਂ ਵਿਚ ਜੁੜ ਬੈਠਣ ਨਾਲ ਸੰਗਤ ਬਣ ਆਉਂਦੀ ਹੈ, ਜਿਹਾ ਕਿ—

ਇਕੁ ਸਿਖੁ, ਦੁਇ ਸਾਧ ਸੰਗੁ, ਪੰਜੀਂ ਪਰਮੇਸਰੁ ॥੧੯॥ (੧੩)

ਜਿਥੇ ਐਸੇ ਗੁਰੂ ਕੇ ਸਨਮੁਖ ਪੰਜ ਸਿਖ ਜੁੜ ਬੈਠਦੇ ਹਨ, ਉਥੇ ਤਾਂ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਵਾਹਿਗੁਰੂ ਆਪ ਵਾਸਾ ਕਰ ਰਿਹਾ ਹੁੰਦਾ ਹੈ। ਗੁਰੂ ਕੀ ਹਜ਼ੂਰੀ ਵਿਚ ਪੂਰਨ ਸਤਿਕਾਰ ਸਹਿਤ ਭੈ-ਭਾਵਨੀ ਵਿਚ ਜੁੜੇ ਹੋਇਆਂ ਹੀ ਸਤਿਸੰਗਤ ਦਾ ਵਾਸਾ ਹੁੰਦਾ ਹੈ। ਰੇਡੀਓ ਤੇ ਟੈਲੀਵੀਜਨਾਂ ਦੇ ਦੁਆਲੇ ਸਤਿਕਾਰ ਤੇ ਭੈ-ਭਾਵਨੀ ਦੀ ਪਰਵਾਹ ਨਾ ਕਰਦੇ ਹੋਇਆਂ, ਗੁਰੂ ਦੀ ਹਜ਼ੂਰੀ ਨੂੰ ਭੁਲਾ ਕੇ, ਗੁਰਬਾਣੀ-ਕੀਰਤਨ ਸੁਣਨ ਨਾਲ ਨਾ ਸੰਗਤ ਬਣ ਸਕਦੀ ਹੈ ਅਤੇ ਨਾ ਹੀ ਉਥੇ ਗੁਰੂ ਦੀ ਕਲਾ ਵਰਤ ਸਕਦੀ ਹੈ। ਗੁਰੂ-ਸੰਗਤ ਨਾਲ ਜੁੜਨ ਦੀ ਥਾਂ ਨਿਜੀ ਤੌਰ ਤੇ ਘਰੋ ਘਰੀ ਇਸ ਤਰ੍ਹਾਂ ਬੈਠੇ ਰਹਿਣਾ ਨਿਰਾ ਆਪਣੀ (Ego) ਹੈ। ਇਸ ਹਉਮੈ ਦੇ ਮਾਰੂ ਰੋਗ ਤੋਂ ਤਾਂ ਹੀ ਬਚਿਆ ਜਾ ਸਕਦਾ ਹੈ, ਜੇ ਸਿਖ ਦੇ ਅੰਦਰ ਸਤਿਸੰਗਤ ਵਿਚ ਮਿਲ ਬੈਠਣ ਦੀ ਲੋਚਾ ਹੋਵੇ ਅਤੇ ਉਸ ਦੇ ਅੰਦਰੋਂ ਫੁਟ ਫੁਟ ਕੇ ਇਹ ਹੂਕਾਂ ਨਿਕਲ ਰਹੀਆਂ ਹੋਣ—

ਜਨ ਨਾਨਕ ਦਾਸ ਦਾਸ ਕੋ ਕਰੀਅਹੁ ਮੇਰਾ ਮੂੰਡੁ ਸਾਧ ਪਗਾ ਹੇਠਿ ਰੁਲਸੀ ਰੇ ॥ (੫੩੬)

ਸਾਧ-ਗੁਰਸਿਖਾਂ ਦੀ ਚਰਨ-ਧੂੜੀ ਲੋਚਣ ਵਾਲੇ ਗੁਰਸਿਖਾਂ ਦੀਆਂ ਸੰਗਤਾਂ ਗੁਰੂ ਬਾਬੇ ਨੇ ਕਾਇਮ ਕੀਤੀਆਂ, ਜਿਥੇ ਸੇਵਾ ਤੇ ਸਿਮਰਨ ਦਾ ਸੁਮੇਲ ਹੁੰਦਾ ਸੀ। ਗੁਰੂ ਕੀ ਹਜ਼ੂਰੀ ਵਾਲੀਆਂ ਇਹ ਸੰਗਤਾਂ ਪਰਵਾਰ ਦੇ ਜੀਆਂ ਤੋਂ ਅਰੰਭ ਹੋ ਕੇ, ਹੋਰ ਹੋਰ ਆਂਢੀ ਗੁਆਂਢੀ ਪ੍ਰਭੂ-ਚਰਨਾਂ ਦੇ ਭੌਰਿਆਂ ਨਾਲ ਜੁੜ ਜੁੜ ਕੇ ਵਡੀਆਂ ਸੰਗਤਾਂ ਦਾ ਰੂਪ ਧਾਰਨ ਕਰ ਜਾਂਦੀਆਂ।

ਸਿਖ ਮਾਨਸਕਿਤਾ ਨੂੰ ਸਤਿਗੁਰੂ ਜੀ ਨੇ ਸਮੂਹ ਜਾਂ ਸੰਗਤ ਦੇ ਅਧੀਨ ਕੀਤਾ। ਇਕ ਸਿਖ ਇਕੱਲਾ ਹੈ। ਪੰਥ ਦੇ ਸਾਹਮਣੇ ਹੁਣ ਇਹ ਸਵਾਲ ਸਭ ਤੋਂ ਵਡਾ ਹੈ ਕਿ ਸਮੁੱਚੀਆਂ ਸੰਗਤਾਂ ਨੂੰ ਕਿਵੇਂ ਇਕ ਮਾਲਾ ਵਿਚ ਪ੍ਰੋਤਾ ਜਾ ਸਕਦਾ ਹੈ। ਸਿਖ ਕੌਮ ਮਾਨਸਿਕ ਤੌਰ ਤੇ ਸੰਗਤ ਤੋਂ ਟੁਟਣ ਕਰਕੇ ਹੀ ਕਮਜ਼ੋਰ ਹੋਈ ਹੈ। ਸਿਖ ਕੌਮ ਵਿਚ ਪਤਿਤ-ਪੁਣੇ ਨੂੰ ਕੇਵਲ ਸਾਧਸੰਗਤ ਹੀ ਰੋਕ ਸਕਦੀ ਹੈ। ਸਤਿਸੰਗ ਨੇ ਸਿਖ ਨੂੰ ਗੁਰੂ-ਉਪਦੇਸ਼ ਦੀ ਪ੍ਰੇਰਨਾ ਕਰਦੇ ਰਹਿਣੈ, ਤੇ ਕੁਸੰਗਤ ਤੋਂ ਬਚਾਈ ਰਖਣੈ। ਅੱਜ ਕੁਸੰਗਤ ਦਾ ਬੋਲ-ਬਾਲਾ ਹੈ। ਗੁਰ-ਸੰਗਤ ਵਿਚ ਟਾਵੇਂ ਟਾਵੇਂ ਹੀ ਪੁਜਦੇ ਹਨ। ਸਾਡੇ ਸੰਗਤ-ਅਸਥਾਨ ਤਾਂ ਬਹੁਤ ਵੱਡੇ ਵੱਡੇ ਬਣੇ ਹੋਏ ਹਨ, ਤੇ ਹੋਰ ਬਣਦੇ ਜਾ ਰਹੇ ਹਨ, ਪਰ ਉਹਨਾਂ ਵਿਚ ਕੌਣ ਬੈਠੇਗਾ ? ਅੱਜ ਉਹ ਕਿਉਂ ਖ਼ਾਲੀ ਹੋ ਗਏ ਹਨ ?

ਪੰਜਾਬ ਤੋਂ ਬਾਹਰ ਵਸੇ ਸਿਖਾਂ ਦਾ ਭੀ ਸੰਗਤੀ ਜੀਵਨ ਕਮਜ਼ੋਰ ਜਾਪਦਾ ਹੈ, ਇਸ ਲਈ ਸਮੁਚੇ ਕੌਮੀ ਇਤਫ਼ਾਕ ਤੇ ਕੌਮੀ ਇਖ਼ਲਾਕ ਵਿਚ ਗਿਰਾਵਟ ਆਈ ਹੈ। ਗੁਰੂ ਪਾਤਸ਼ਾਹ ਨੇ ਤਾਂ ਸਾਨੂੰ ਗੁਰ-ਸੰਗਤ ਦੇਲੜ ਇਸ ਲਈ ਲਾਇਆ ਸੀ ਕਿ ਅਸੀਂ ਹਰ ਪੱਖੋਂ ਸ਼ਕਤੀਸ਼ਾਲੀ ਮਨੁਖ ਬਣੀਏ। ਪਰ ਜੇ ਸਿਖਾਂ ਵਿਚ ਹੀ ਕਮਜ਼ੋਰੀਹੋਵੇ ਅਤੇ ਜਾਣ ਬੁਝ ਕੇ ਮਚਲੇ ਹੋ ਰਹਿਣ ਤਾਂ ਗੁਰੂ ਕੀ ਕਰੇ ?



www.AKJ.Org

ਕਬੀਰ ਸਾਚਾ ਸਤਿਗੁਰੁ ਕਿਆ ਕਰੈ, ਕੋ ਸਿਖਾਂ ਮਹਿ ਚੂਕ ?॥
ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥੧੫॥ ਪੰਨਾ ੧੩੭੨

ਮਨੁਖੀ ਸੁਭਾਅ ਹੈ ਕਿ ਇਕੱਲਾ ਬੰਦਾ (ਭਗਤੀ ਕਰਨ) ਅੰਮ੍ਰਿਤ ਵੇਲੇ ਦੇ ਸਿਮਰਨ ਵਿਚ ਆਲਸ ਜਿਹਾ ਕਰ ਲੈਂਦਾ ਹੈ, ਪਰ ਜੇ ਕਰ ਇਹ ਸਿਮਰਨ ਤੇ ਕੀਰਤਨ ਸੰਗਤੀ ਰੂਪ ਵਿਚ ਹੁੰਦਾ ਹੋਵੇ ਤਾਂ ਸਹਿਜੇ ਹੀ ਬੰਦਾ ਸਾਵਧਾਨ ਰਹਿੰਦਾ ਹੈ। ਇਕ ਉਦਮ ਜਿਹਾ ਬਣਿਆ ਰਹਿੰਦਾ ਹੈ। ਸੰਗਤ ਵਿਚ ਮਿਲ ਕੇ ਕੀਰਤਨ ਸੁਣਨ-ਕਰਨ ਦਾ ਵਧੇਰੇ ਰਸ ਬਝਦਾ ਹੈ, ਉਥੇ ਸਤਿਗੁਰੂ ਜੀ ਆਪ ਵਰਤਦੇ ਹਨ—"ਗੁਰਸਿਖਾਂ ਅੰਦਰਿ ਸਤਿਗੁਰੁ ਵਰਤੈ"*। ਸੰਗਤ ਵਿਚੋਂ ਅਦਬ, ਭੈ, ਸਤਿਕਾਰ ਅਤੇ ਪ੍ਰੇਮ ਵਰਗੀਆਂ ਅਨਮੋਲ ਵਸਤੂਆਂ ਸਿਖ ਪ੍ਰਾਪਤ ਕਰਦਾ ਹੈ। ਇਕੱਲੇ ਨੂੰ ਇਹ ਵਸਤੂਆਂ ਕਿਵੇਂ ਮਿਲ ਸਕਦੀਆਂ ਹਨ ?

ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ, ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥੨॥੨॥ (੬੯੪)

ਸੰਗਤੀ ਜੀਵਨ ਜੀਉਣ ਵਾਲੇ ਸਿਖ ਵਿਚ ਨਿਮਰਤਾ, ਆਪਾ ਤਿਆਗ ਦੀ ਭਾਵਨਾ, ਸੰਗਤ ਤੋਂ ਸਦਕੇ ਜਾਣ ਦੀ ਭਾਵਨਾ ਹੋਣ ਕਰਕੇ ਸੰਗਤ ਦੀ ਸੇਵਾ ਕਰਨ ਲਈ ਪ੍ਰੇਰਨਾ ਮਿਲਦੀ ਹੈ। ਸਿਖ ਸਾਧ ਸੰਗਤ ਦੀ ਸੇਵਾ ਇਸ ਵਿਚਾਰ ਨਾਲ ਕਰਦਾ ਹੈ ਕਿ ਸੰਗਤ ਗੁਰੂ ਦਾ ਹੀ ਸਰਗੁਣੀ ਸਰੂਪ ਹੈ। ਇੰਜ ਇਕੱਲੇ ਸਿਮਰਨ ਕਰਨ ਵਾਲਾ ਗੁਰੂ ਦੀ ਸੇਵਾ, ਤੇ ਆਪਾ ਤਿਆਗ ਤੋਂ ਵਾਂਜਾ ਰਹਿ ਜਾਂਦਾ ਹੈ। ਆਪਾ ਤਿਆਗ ਬਿਨਾਂ ਹਉਮੈ ਨਹੀਂ ਮਰਦੀ। ਹਉਮੈ ਸੇਵਾ ਤੇ ਨਿਮਰਤਾ ਵਿਚ ਸਮੋ ਜਾਂਦੀ ਹੈ। ਅਤੇ ਸੇਵਾ ਤੇ ਸਿਮਰਨ ਕੇਵਲ ਸੰਗਤ ਵਿਚੋਂ ਹੀ ਪ੍ਰਾਪਤ ਹੋਣ ਜੋਗੀਆਂ ਵਸਤੂਆਂ ਹਨ। ਸੰਗਤ ਵਿਚ ਸਿਖ ਦਾ ਨਿੱਜਤਵ ਹੌਲੀ ਹੌਲੀ ਮਰ ਮਿਟ ਜਾਂਦਾ ਹੈ ਤੇ ਉਸਦੇ ਅੰਦਰੋਂ ਹੂਕ ਨਿਕਲਦੀ ਹੈ—ਮੇਰੀ ਖਲਹੁ ਮੌਜੜੇ ਗੁਰਸਿਖ ਹੰਢਾਂਦੇ ॥ ਮਸਤਕ ਲਗੈ ਸਾਧ ਰੇਣੁ ਵਡਭਾਗ ਜਿਨ੍ਹਾਂ ਦੇ ॥੧੮॥(੯)

ਕਾਸ਼ ਮੇਰੀ ਚਮੜੀ ਦੀਆਂ ਜੁੱਤੀਆਂ ਸਾਧ-ਸਤਿਗੁਰੂ ਦੀ ਸੰਗਤ ਵਲ ਜਾਂਦੇ ਗੁਰਸਿਖ ਹਢਾਂਦੇ ਹੋਣ ਅਤੇ ਇਉਂ ਉਨ੍ਹਾਂ ਦੇ ਚਰਨਾਂ ਦੀ ਧੂੜੀ ਪਰਸਣ ਦਾ ਸੁਭਾਗ ਪ੍ਰਾਪਤ ਹੋਵੇ। ਗੁਰਸਿਖਾਂ ਦੀ ਚਰਨ ਧੂੜੀ ਉਹਨਾਂ ਦੇ ਮਸਤਕ ਤੇ ਹੀ ਲਗਦੀ ਹੈ ਜਿਨ੍ਹਾਂ ਦੇ ਵੱਡੇ ਭਾਗ ਹੁੰਦੇ ਹਨ।

ਦਸਵੇਂ ਪਾਤਸ਼ਾਹ ਜੀ ਭੀ ਗੁਰ ਸੰਗਤ ਤੋਂ ਕਿਵੇਂ ਕੁਰਬਾਨ ਹੁੰਦੇ ਸਨ :—

ਮੋ ਗ੍ਰਿਹ ਮਹਿ ਤਨ ਤੇ ਮਨ ਤੇ, ਸਿਰ ਲਉ ਧਨ ਹੈ ਸਭ ਹੀ ਇਨਹੀ ਕੋ ॥੩॥ [ਗਿਆਨ ਪ੍ਰਬੋਧ

ਪਰ ਜੋ ਲੋਗ ਅਜੇ ਨਿੱਜ ਦੇ ਕੈਦੀ ਹਨ, ਉਹ ਸੰਗਤ ਵਿਚ ਆਪਣੇ ਤੋਂ ਨੀਵਿਆਂ ਨਾਲ ਬੈਠਣਾ ਉਚਿਤ ਨਹੀਂ ਸਮਝਦੇ। ਧਨ ਦੌਲਤ ਦੇ ਮਾਣ ਵਿਚ, ਆਪਣੀ ਸੰਸਾਰੀ ਪੜ੍ਹਾਈ ਦੇ ਮਾਣ ਵਿਚ, ਆਪਣੀ ਵਡਿਆਈ ਦੇ ਹੰਕਾਰ ਵਿਚ ਉਹ ਲੋਗ ਨਿਜ ਨੂੰ ਤਿਆਗ ਨਹੀਂ ਸਕਦੇ। ਉਨ੍ਹਾਂ ਦੇ ਖਿਆਲ ਅਨੁਸਾਰ ਸੰਗਤ ਵਿਚ ਜਾਣ ਨਾਲ ਅਜੋਕੇ ਮਨੁਖ ਦਾ 'ਕੀਮਤੀ' ਸਮਾਂ ਜ਼ਾਇਆ ਹੁੰਦਾ ਹੈ ਤੇ ਵਾਧੂ ਐਨਰਜੀ (ਸ਼ਕਤੀ) ਜ਼ਾਇਆ ਹੁੰਦੀ ਹੈ। ਉਹਨਾਂ ਦੇ ਭਾਅ ਸੰਗਤ ਵਿਚ ਕੇਵਲ ਵੇਹਲੜ ਹੀ ਜਾ ਸਕਦੇ ਹਨ। ਪਰ ਗੁਰੂ-ਬਾਣੀ ਚਿਤਾਵਨੀ ਕਰਾਉਂਦੀ ਹੈ:—

ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥
ਜਿਨਿ ਕੀਤੇ ਤਿਸੈ ਨ ਜਾਣਨੀ ਬਿਨੁ ਨਾਵੈ ਸਭਿ ਚੋਰ ॥੬॥ [ਪੰਨਾ ੪੨੭

ਭਾਵ, ਜੇ ਸਿਖ ਦਾ ਸੰਗਤੀ ਜੀਵਨ ਖ਼ਤਮ ਹੋ ਗਿਆ ਤਾਂ ਉਹ ਪਸ਼ੂ ਢੋਰਾਂ ਨਾਲੋਂ ਗਿਆ ਗੁਜ਼ਰਿਆ ਹੈ, ਕਿਉਂਕਿ ਉਹ ਆਪਣੇ ਰਚਣਹਾਰ ਨੂੰ ਜਾਣਨ ਦੀ ਸਮਰੱਥਾ ਰਖਦਾ ਹੋਇਆ ਭੀ ਜਾਣਨ ਤੋਂ ਜੀਅ ਚੁਰਾਉਂਦਾ ਹੈ। ਉਹ ਇਕ ਕਿਸਮ ਦਾ ਰੱਬ ਦਾ ਚੋਰ ਹੈ। ਅਤੇ ਬਿਨ ਨਾਵੇਂ ਸਾਰੇ ਰੱਬ ਦੇ ਚੋਰ ਹੁੰਦੇ ਹਨ।

ਸਾਧ ਸੰਗਤ ਦੀ ਮਹੱਤਤਾ ਨੂੰ ਸਿਖ ਇਤਨੀ ਮਾਰ ਖਾ ਕੇ, ਠੋਕਰਾਂ ਖਾ ਕੇ, ਤੇ ਖੁਆਰ ਹੋ ਕੇ, ਜੇ ਹੁਣ ਭੀ ਨਹੀਂ ਸਮਝਦਾ ਤਾਂ ਉਸਦਾ ਕੌਣ ਰਾਖਾ ਹੋਵੇਗਾ ? ਇਹ ਗੁਰੂ ਹੀ ਜਾਣੇ !

---

*ਸਲੋਕੁ ਮ: ੪, ਪੰਨਾ ੩੧੨



www.AKJ.Org

# ਸ਼ਹੀਦੀ ਸਾਕਾ ਭਾਈ ਤਾਰੂ ਸਿੰਘ ਜੀ (੧)

[ਕੈਪਟਨ ਸਵਰਨ ਸਿੰਘ ਜੀ]

ਡੁਲ੍ਹਦਾ ਖ਼ੂਨ ਸ਼ਹੀਦਾਂ ਦਾ, ਤਸਵੀਰ ਬਦਲਦੀ ਕੌਮਾਂ ਦੀ।
ਰੰਬੀਆਂ ਨਾਲ ਖੋਪਰ ਲਹਿੰਦੇ ਨੇ, ਜ਼ਾਂ ਤਕਦੀਰ ਬਦਲਦੀ ਕੌਮਾਂ ਦੀ।

## ਹਿੰਦੂਆਂ ਦੀ ਨਿਘਰੀ ਦਸ਼ਾ ਤੇ ਖ਼ਾਲਸੇ ਦਾ ਜਨਮ—

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥

—ਬਚਿਤ੍ਰ ਨਾਟਕ, ਧਿਆਇ ਪੰਜਵਾਂ

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਬਾਰੇ ਦਸਮੇਸ਼ ਜੀ ਰਚਿਤ ਬਚਿਤ੍ਰ ਨਾਟਕ ਦੀਆਂ ਉਪਰਲੀਆਂ ਤੁਕਾਂ ਦੇ ਸਹੀ ਭਾਵ ਨੂੰ ਨਾ ਸਮਝਦੇ ਹੋਏ, ਬਹੁਤ ਸਾਰੇ ਇਤਿਹਾਸਕਾਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਮਨੋਰਥ ਸਿਰਫ਼ ਤਿਲਕ ਜੰਞੂ ਦੀ ਰਾਖੀ ਹੀ ਮੰਨ ਕੇ ਇਸ ਮਹਾਨ ਘਟਨਾ ਦਾ ਵਰਨਣ ਸਮਾਪਤ ਕਰ ਦੇਂਦੇ ਹਨ। ਇਹ ਉਨ੍ਹਾਂ ਦੀ ਹਿਮਾਲੀਏ ਪਹਾੜ ਜਿਡੀ ਭੁਲ ਹੈ। ਇਸ ਬੇਮਿਸਾਲ ਕੁਰਬਾਨੀ ਨਾਲ ਬੜੀ ਭਾਰੀ ਬੇਇਨਸਾਫ਼ੀ ਹੈ ਤੇ ਉਸ ਦੀ ਮਹਾਨਤਾ ਨੂੰ ਸਿਰਿਉਂ ਹੀ ਖ਼ਤਮ ਕਰ ਦੇਣ ਵਾਲੀ ਗੱਲ ਹੈ। ਕੇਵਲ ਤਿਲਕ ਜੰਞੂ ਦੀ ਖ਼ਾਤਰ ਹੀ ਇਹ ਸਭ ਕੁਝ ਨਹੀਂ ਸੀ ਹੋਇਆ, ਇਸ ਕੁਰਬਾਨੀ ਪਿਛੇ ਬਹੁਤ ਵੱਡਾ ਅਸੂਲ ਖੜਾ ਹੈ। ਉਸ ਨੂੰ ਸਮਝਣ ਦੀ ਲੋੜ ਹੈ।

ਗੁਰੂ ਘਰ ਦਾ ਓਟ ਆਸਰਾ ਲੈਣ ਵਾਲਾ ਭਾਵੇਂ ਕਿਸੇ ਵੀ ਧਰਮ ਦਾ ਧਾਰਨੀ ਹੁੰਦਾ, ਉਸ ਦੀ ਸਹਾਇਤਾ ਇਸ ਪ੍ਰਕਾਰ ਹੀ ਹੋਣੀ ਸੀ ਅਤੇ ਲਾਜ਼ਮੀ ਹੋਣੀ ਸੀ। ਇਹ ਇਸ ਲਈ ਨਹੀਂ ਸੀ ਹੋਈ ਕਿ ਗੁਰੂ ਘਰ ਦਾ ਆਸਰਾ ਤਕਾ ਕੇ ਆਉਣ ਵਾਲੇ ਤਿਲਕ ਲਾ ਕੇ ਜੰਞੂ ਪਾ ਕੇ ਆਏ ਸਨ। ਇਸ ਤਿਲਕ ਜੰਞੂ ਨੂੰ ਧਾਰਨ ਕਰਨ ਦੀ ਥਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਪਖੰਡ ਜਣਾਇਆ ਸੀ ਅਤੇ ਜਿਨ੍ਹਾਂ ਦੀ ਜੋਤਿ ਇਹ ਨੌਵਾਂ ਰੂਪ ਧਾਰ ਕੇ ਉਸੇ ਹੀ ਸਚਾਈ ਨੂੰ ਅਮਲੀ ਤੌਰ ਤੇ ਪ੍ਰਚਾਰ ਰਹੀ ਸੀ ਤੇ ਵਹਿਮਾਂ ਭਰਮਾਂ ਦਾ ਉਸੇ ਹੀ ਗਤੀ ਨਾਲ ਖੰਡਨ ਕਰ ਰਹੀ ਸੀ, ਉਸ ਨੇ ਹੁਣ ਇਸ ਦੀ ਰਖਵਾਲੀ ਲਈ ਕਿਉਂ ਏਡਾ ਵੱਡਾ ਮੁਲ ਤਾਰਨ ਦਾ ਫ਼ੈਸਲਾ ਕਰ ਲਿਆ। ਬੱਸ ਇਸੇ ਹੀ ਨੁਕਤੇ ਨੂੰ ਸਮਝਣ ਦੀ ਲੋੜ ਹੈ। ਸਮਝ ਲਵੋ ਕਿ ਜੇ ਕਿਤੇ ਉਸ ਵੇਲੇ ਇਹੋ ਹੀ ਬਿਪਤਾ ਹਿੰਦੂਆਂ ਵਲੋਂ ਮੁਸਲਮਾਨਾਂ ਨੂੰ ਪਾਈ ਜਾ ਰਹੀ ਹੁੰਦੀ ਤੇ ਉਂਜ ਹੀ ਮੁਸਲਮਾਨ ਗੁਰੂ ਮਹਾਰਾਜ ਅਗੇ ਜੋਦੜੀ ਕਰਦੇ ਤਾਂ ਹਿੰਦੂਆਂ ਦੀ ਬਾਂਹ ਵਾਂਗ ਹੀ ਉਨ੍ਹਾਂ ਦੀ ਬਾਂਹ ਫੜ ਕੇ ਉਨ੍ਹਾਂ ਦੇ ਕਿਸੇ ਚਾਂਦਨੀ ਚੌਂਕ ਵਿਚ ਵੀ ਉਨ੍ਹਾਂ ਦੀ ਖ਼ਾਤਰ ਖਿੜੇ ਮੱਥੇ ਸ਼ਹਾਦਤ ਦੇ ਦੇਂਦੇ। ਸੋ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਸਿਰਫ਼ ਤਿਲਕ ਜੰਞੂ ਆਦਿ ਚਿੰਨ੍ਹਾਂ ਨੂੰ ਬਚਾਉਣ ਦੀ ਖ਼ਾਤਰ ਨਹੀਂ ਸੀ, ਸਗੋਂ ਇਕ ਨੂਰ ਤੋਂ ਉਪਜੇ ਕੁਦਰਤ ਦੇ ਬੰਦਿਆਂ ਉਤੇ ਔਰੰਗਜ਼ੇਬ ਵਲੋਂ ਜ਼ੋਰ-ਜ਼ੁਲਮ ਦੁਆਰਾ ਕਿਸੇ ਦੇ ਧਰਮ ਨੂੰ ਨਸ਼ਟ ਭ੍ਰਸ਼ਟ ਕਰਕੇ ਧਰਮ ਬਦਲੀ ਲਈ ਮਜਬੂਰ ਕਰਨੋਂ ਠਲ੍ਹ ਪਾਉਣ ਦੀ ਖ਼ਾਤਰ ਸ਼ਹਾਦਤ ਸੀ।

ਹਿੰਦੂ ਵੀ ਉਸੇ ਇਲਾਹੀ ਨੂਰ ਤੋਂ ਉਪਜੇ ਸਨ ਜਿਸ ਤੋਂ ਮੁਸਲਮਾਨ। ਫਿਰ ਉਨ੍ਹਾਂ ਦੇ ਧਰਮ ਤੇ ਪਾਬੰਦੀਆਂ ਬੰਦਸ਼ਾਂ ਕਿਉਂ, ਉਨ੍ਹਾਂ ਦੇ ਧਰਮ ਦੀ ਨਿਰਾਦਰੀ ਕਿਉਂ, ਉਨ੍ਹਾਂ ਦਾ ਜੀਵਨ ਨਰਕ ਸਮਾਨ ਕਿਉਂ ਬਣਾਇਆ ਜਾਵੇ? ਆਪਣਾ ਧਰਮ ਛਡਣ ਤੇ ਮੁਸਲਮਾਨ ਧਰਮ ਗ੍ਰਹਿਣ ਕਰਨ ਲਈ ਉਨ੍ਹਾਂ ਨੂੰ ਮਜਬੂਰ ਕਿਉਂ ਕੀਤਾ ਜਾਵੇ? ਮੁਸਲਮਾਨਾਂ ਵਾਂਗ ਹੀ ਹਿੰਦੂਆਂ ਨੂੰ ਵੀ ਹੱਕ ਹੈ ਕਿ ਉਹ ਆਪਣਾ ਮਨ-ਭਾਉਂਦਾ ਧਰਮ ਧਾਰਨ ਕਰ ਕੇ ਸਨਮਾਨ ਸਹਿਤ ਜੀਵਨ ਬਤੀਤ ਕਰਨ। ਇਕ ਬਾਪ ਦੇ ਬੇਟੇ ਹੋਣ ਦੇ ਨਾਤੇ ਉਨ੍ਹਾਂ ਦਾ ਹੱਕ ਵੀ ਬਰਾਬਰ ਦਾ ਹੈ। ਇਹ ਕੁਰਬਾਨੀ ਇਸ ਹੱਕ ਨੂੰ ਕਾਇਮ ਰਖਣ ਵਾਸਤੇ ਸੀ। **ਮਜ਼ਲੂਮ ਦੀ ਰੱਖਿਆ ਉਸ ਦੇ ਧਰਮ ਪਖੋਂ ਨਹੀਂ, ਸਗੋਂ ਇਸ ਦ੍ਰਿਸ਼ਟੀ ਤੋਂ ਕਿ ਉਹ ਮਜ਼ਲੂਮ ਹੈ, ਕੀਤੀ ਗਈ ਸੀ।** ਇਹੋ ਗੁਰੂ ਘਰ ਦਾ ਅਸੂਲ ਹੈ। ਔਰੰਗਜ਼ੇਬ ਇਕ ਗ਼ੈਰ-ਕੁਦਰਤੀ ਨੀਤੀ ਤੇ ਚਲ ਰਿਹਾ ਸੀ ਤੇ ਉਸ ਦੇ ਜ਼ੁਲਮ ਜਬਰ ਦੇ ਹੜ੍ਹ ਨੂੰ ਠਲ੍ਹਣ ਲਈ ਉਨ੍ਹਾਂ ਬਲੀਦਾਨ ਦਿਤਾ,



www.AKJ.Org

ਚਾਂਦਨੀ ਚੌਕ ਵਿਚ ਸੱਯਦ ਜਲਾਲੁਦੀਨ ਦੀ ਤਲਵਾਰ ਨੇ ਗੁਰੂ ਜੀ ਦਾ ਸਿਰ ਕਲਮ ਕੀਤਾ। ਦੇਰ ਤਕ ਉਨ੍ਹਾਂ ਦਾ ਸੀਸ ਤੇ ਧੜ ਖ਼ੂਨ ਵਿਚ ਲਤ ਪਤ ਪਿਆ ਰਿਹਾ। ਜਿਨ੍ਹਾਂ ਦੀ ਖ਼ਾਤਰ ਇਹ ਸਿਰ ਦਿਤਾ ਸੀ ਉਨ੍ਹਾਂ ਵਿਚੋਂ ਕਿਸੇ ਨੂੰ ਹੀਆ ਨਾ ਪਿਆ ਕਿ ਅੱਗੇ ਹੋ ਕੇ ਸਰੀਰ ਦਾ ਦਾਹ ਸੰਸਕ੍ਰਾਰ ਕਰਨ ਲਈ ਕੋਈ ਯਤਨ ਕਰੇ। ਸਭ ਕੰਨੀ ਖਿਸਕਾ ਗਏ। ਆਈ ਖ਼ਲਕਤ ਤਮਾਸ਼ਾ ਵੇਖ ਕੇ ਘਰੋ ਘਰੀ ਚਲੀ ਗਈ। ਕਰੋੜਾਂ ਦੀ ਗਿਣਤੀ ਵਿਚ ਵਸਣ ਵਾਲੀ ਤਿਲਕ ਜੰਞੂ ਦੇ ਧਾਰਨੀਆਂ ਦੀ ਗਿਣਤੀ ਵਿਚੋਂ ਕੋਈ ਸ਼ੰਕਰਾਚਾਰੀਆ, ਕੋਈ ਰਿਸ਼ੀ ਮੁਨੀ ਜਾਂ ਨਾਥ ਸਵਾਮੀ ਜੋਸ਼ ਖਾ ਕੇ ਨਹ ੀਂ ਉਠਿਆ ਕਿ ਮਜ਼ਲੂਮਾਂ ਨੂੰ ਜਥੇਬੰਦ ਕਰ ਕੇ ਜ਼ਾਲਮ ਸਰਕਾਰ ਨਾਲ ਟੱਕਰ ਲੈਂਦਾ ਹੋਇਆ ਖ਼ੁਦ ਮਰ ਮਿਟੇ ਜਾਂ ਸਰਕਾਰ ਦੀ ਸਫ਼ ਵਲ੍ਹੇਟ ਦੇਵੇ। ਕਾਰਨ ? ਸੈਂਕੜੇ ਸਾਲਾਂ ਦੀ ਲਗਾਤਾਰ ਗੁਲਾਮੀ ਨੇ ਹਿੰਦੂਆਂ ਨੂੰ ਅਣਖਹੀਣ ਤੇ ਸਾਹਸ-ਹੀਣ ਬਣਾ ਕੇ ਰਖ ਦਿਤਾ ਸੀ। ਆਪ ਆਪਣੀ ਰੱਖਿਆ ਨਹੀਂ ਸਨ ਕਰ ਸਕਦੇ। ਸਿਰਫ਼ ਇਹ ਤਮੰਨਾ ਸੀ ਕਿ ਕੋਈ ਆਪ ਮਰ ਕੇ ਉਨ੍ਹਾਂ ਨੂੰ ਬਚਾ ਲਵੇ। ਇਹੋ ਜਿਹੀ ਮਾਨਸਿਕ ਸਥਿਤੀ ਵਾਲੀ ਕੌਮ ਵਿਚੋਂ ਕੌਣ ਗੁਰੂ ਜੀ ਦੀ ਸ਼ਹਾਦਤ ਸਮੇਂ ਹਾਅ ਦਾ ਨਾਅਰਾ ਮਾਰਦਾ, ਜਾਂ ਕੌਣ ਉਸ ਮਿਰਤਕ ਦੇਹ ਨੂੰ ਚੁਕਣ ਲਈ ਆਉਂਦਾ। ਔਰੰਗਜ਼ੇਬ ਦੇ ਪਹਿਰੂਏ ਵੰਗਾਰ ਰਹੇ ਸਨ ਕਿ ਆਉ ਕੋਈ ਮੈਦਾਨ ਵਿਚ ਨਿਤਰੋ ਤੇ ਵਿਖਾਉ ਹੱਥ ਲਾ ਕੇ ਇਸ ਲਾਸ਼ ਨੂੰ। ਹੈ ਜੁਰਅਤ ਤੇ ਵਿਖਾਉ ਚੁਕ ਕੇ ? ਅੰਤ ਨੂੰ ਉਹੋ ਹੀ ਨਿੱਤਰੇ, ਜੋ ਇਸ ਘਰ ਨਾਲ ਜੁੜੇ ਹੋਏ ਸਨ।

ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂਆਂ ਦੀ ਪਰਲੇ ਦਰਜੇ ਦੀ ਇਸ ਨਿਘਰੀ ਹੋਈ ਹਾਲਤ ਨੂੰ ਤਕਿਆ ਕਿ ਇਹ ਬਹੁਗਿਣਤੀ ਵਿਚ ਹੁੰਦਿਆਂ ਹੋਇਆਂ ਵੀ ਬਾਹਰੋਂ ਆਏ ਮੁਠੀ ਭਰ ਸਾਮਰਾਜੀਆਂ ਤੋਂ ਮਾਰ ਖਾਈ ਜਾ ਰਹੇ ਹਨ ਤੇ ਸਿਰ ਤਕ ਨਹੀਂ ਚੁਕਦੇ। ਗੁਲਾਮੀ ਤੇ ਬੇਗੈਰਤੀ ਦਾ ਏਨਾ ਪ੍ਰਭਾਵ ਪੈ ਚੁਕਿਆ ਹੈ ਕਿ ਅਣਖ, ਆਜ਼ਾਦੀ ਤੇ ਬਰਾਬਰੀ ਦਾ ਸਬਕ ਦੇਣ ਵਾਲੇ ਸੋਮੇ ਨੂੰ ਹੀ ਹਿੰਦੂ ਪਹਾੜੀ ਰਾਜੇ ਸਦਾ ਲਈ ਖ਼ਤਮ ਕਰਨ ਲਈ ਤਿਆਰ ਹਨ। ਇਸ ਕੋਝੇ ਕੰਮ ਲਈ ਔਰੰਗਜ਼ੇਬ ਨੂੰ ਮਦਦ ਲਈ ਦੁਹਾਈ ਦੇ ਰਹੇ ਹਨ। ਗੁਲਾਮੀ ਦੇ ਸੰਗਲ ਆਪਣੇ ਹਥੀਂ ਆਪਣੇ ਗਲੀਂ ਕੱਸਣ ਵਿਚ ਹੀ ਭਲਾ ਸਮਝਦੇ ਹਨ। ਅਣਖ ਤੇ ਸਵੈ-ਮਾਣ ਤਾਂ ਇਨ੍ਹਾਂ ਵਿਚ ਨਾਮ ਮਾਤਰ ਵੀ ਨਹੀਂ ਰਹੇ।

ਦਸਮੇਸ਼ ਜੀ ਨੇ ਇਨ੍ਹਾਂ ਦੀ ਕਮਜ਼ੋਰੀ ਨੂੰ ਚੰਗੀ ਤਰ੍ਹਾਂ ਭਾਂਪ ਕੇ ਨਿਰਣਾ ਕੀਤਾ ਕਿ ਇਸ ਦਾ ਕਾਰਨ ਹਿੰਦੂਆਂ ਵਿਚ ਜ਼ਾਤ ਪਾਤ ਦੀ ਵੰਡ ਤੇ ਛੂਤ ਛਾਤ ਹੈ। ਇਨ੍ਹਾਂ ਨੂੰ ਕਦੇ ਇਕੱਠਿਆਂ ਨਹੀਂ ਹੋਣ ਦੇਵੇਗੀ ਤੇ ਕਦੇ ਇਨ੍ਹਾਂ ਨੂੰ ਬਲਵਾਨ ਨਹੀਂ ਬਣਨ ਦੇਵੇਗੀ। ਬ੍ਰਾਹਮਣਾਂ ਵਲੋਂ ਹਿੰਦੂਆਂ ਵਿਚ ਪਾਏ ਵਹਿਮ, ਭਰਮ, ਜ਼ਾਤ ਪਾਤ ਦੀ ਵੰਡ, ਛੂਤ ਛਾਤ ਆਦਿ ਕਿਤੇ ਸਿਖਾਂ ਵਿਚ ਵੀ ਪਰਵੇਸ਼ ਨਾ ਕਰ ਜਾਣ ਤੇ ਇਨ੍ਹਾਂ ਨੂੰ ਵੀ ਉਨ੍ਹਾਂ ਵਾਂਗ ਹੀ ਗ਼ਰਕ ਕਰ ਦੇਣ, ਇਸ ਲਈ ਇਸ ਰੋਗ ਦਾ ਪੱਕਾ ਹੀ ਇਲਾਜ ਕਰ ਦਿਤਾ। ਉਨ੍ਹਾਂ ਖੰਡੇ ਦਾ ਅੰਮ੍ਰਿਤ ਤਿਆਰ ਕਰ ਕੇ ਸਿੱਖਾਂ ਨੂੰ ਸਿੰਘ ਬਣਾ ਦਿਤਾ। ਜਾਤ ਪਾਤ ਤੇ ਛੂਤ ਛਾਤ ਦੇ ਪਾਏ ਭਰਮ ਦਾ ਸਦਾ ਲਈ ਨਾਸ ਕਰ ਦਿਤਾ। ਜਾਤੀ-ਅਭਿਮਾਨ ਦੀ ਹਮੇਸ਼ਾ ਲਈ ਜੜ੍ਹ ਪੁਟ ਦਿਤੀ।

ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਦੀ ਵਿਸਾਖੀ ਨੂੰ ਸਿਰਾਂ ਦੀ ਭੇਟ ਲੈ ਕੇ ਪੰਜਾਂ ਸਿਖਾਂ ਨੂੰ ਪਾਹੁਲ ਦਿਤੀ ਤੇ ਸਿੰਘ ਸਜਾ ਦਿਤਾ। ਇਨ੍ਹਾਂ ਨੂੰ ਪੰਜ ਪਿਆਰੇ ਕਹਿ ਕੇ ਨਿਵਾਜਿਆ। ਇਹ ਸਭ ਤੋਂ ਪਹਿਲੇ ਸਿੰਘ ਸਨ। ਖਾਲਸਾ ਪੰਥ ਦੀ ਨੀਂਹ ਰਖੀ ਗਈ। ਫਿਰ ਗੁਰੂ ਜੀ ਨੇ ਇਨ੍ਹਾਂ ਤੋਂ ਆਪ ਅੰਮ੍ਰਿਤ ਛਕਿਆ। ਦੁਨੀਆ ਨੇ ਇਕ ਅਨੋਖੀ ਘਟਨਾ ਤੱਕੀ, ਜਿਸ ਨੂੰ ਸਮੇਂ ਨੇ ਆਪਣੀ ਹਿਕ ਉਤੇ ਸਦਾ ਲਈ ਇੰਜ ਉਕਰ ਲਿਆ—

ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਭਾਵ, ਗੁਰੂ ਮਹਾਰਾਜ ਗੁਰੂ ਭੀ ਹਨ ਤੇ ਚੇਲਾ ਵੀ, ਪੈਗੰਬਰ ਵੀ ਪੈਰੋਕਾਰ ਵੀ, ਮੁਰਸ਼ਦ ਵੀ ਤੇ ਮੁਰੀਦ ਵੀ। ਅੱਜ ਤੱਕ ਗੁਰੂ ਤੇ ਚੇਲਾ ਇਕ ਪੱਧਰ ਤੇ ਨਹੀਂ ਸਨ ਆ ਸਕੇ। ਹੁਣ ਗੁਰੂ ਤੇ ਪੰਥ ਅਭੇਦ ਹੋ ਗਏ। ਇਹ ਆਪਣੀ ਕਿਸਮ ਦਾ ਪਹਿਲਾ ਤੇ ਆਖ਼ਰੀ ਦ੍ਰਿਸ਼ ਸੀ, ਜੋ ਦੁਨੀਆ ਨੇ ਤੱਕਿਆ। ਇਹ ਜ਼ੁਲਮ ਜਬਰ ਕਰਨ ਵਾਲਿਆਂ ਨੂੰ ਵੰਗਾਰ ਸੀ ਤੇ ਕਰੋੜਾਂ ਦੀ ਗਿਣਤੀ ਵਿਚ ਗ਼ੁਲਾਮੀ ਦੀ ਚੱਕੀ ਵਿਚ ਪਿਸ ਰਹੀ ਮਨੁਖਤਾ ਨੂੰ



www.AKJ.Org

ਸਾਹਸ-ਭਰੀ ਲਲਕਾਰ ਸੀ ।

ਖੰਡੇ ਦੀ ਪਾਹੁਲ ਲੈਣਾ ਸਿੰਘਾਂ ਦੀ ਸਬਦਾਵਲੀ ਵਿਚ ਅੰਮ੍ਰਿਤ ਛਕਣਾ ਹੈ । ਇਹ ਆਬਿ-ਹਯਾਤ ਹੈ । ਜੋ ਪ੍ਰਾਣੀ ਅੰਮ੍ਰਿਤ ਛਕ ਲੈਂਦਾ ਹੈ ਉਹ ਸਿੰਘ ਬਣ ਜਾਂਦਾ ਹੈ ਤੇ ਉਹ ਖਾਲਸਾ ਪੰਥ ਦਾ ਅੰਗ ਬਣ ਜਾਂਦਾ ਹੈ । ਖਾਲਸਾ ਪੰਥ ਵਿਚ ਰਲਣ ਨਾਲ ਪਿਛਲੀ ਜ਼ਾਤ ਪਾਤ ਸਭ ਖ਼ਤਮ । ਬ੍ਰਾਹਮਣ, ਖਤਰੀ, ਵੈਸ਼, ਸੂਦਰ ਦਾ ਵਿਤਕਰਾ ਇਕ-ਦਮ ਸਮਾਪਤ ਹੋ ਜਾਂਦਾ ਹੈ । ਇਕੋ ਬਾਟੇ ਵਿਚੋਂ ਸਾਰਿਆਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ । ਪਿਛਲਾ ਜਾਤਿ-ਅਭਿਮਾਨ ਤੇ ਜਾਤਿ-ਹੀਣਤਾ ਹਮੇਸ਼ਾ ਲਈ ਖ਼ਤਮ ਹੋ ਜਾਂਦਾ ਹੈ, ਤੇ ਸਭ ਦੀ ਇਕੋ ਸੰਗਤ ਪੰਗਤ ਬਣ ਜਾਂਦੀ ਹੈ । ਖਾਲਸਾ ਪੰਥ ਵਿਚ ਬ੍ਰਾਹਮਣ ਸ਼ੂਦਰ ਦਾ ਦਰਜਾ ਬਰਾਬਰ ਹੈ । ਹਰ ਇਕ ਦੇ ਬਰਾਬਰ ਦੇ ਹੱਕ ਹਨ । ਜ਼ਾਤ ਕਰਕੇ ਕੋਈ ਵਡਾ ਛੋਟਾ ਨਹੀਂ । ਅਮੀਰੀ ਗਰੀਬੀ ਦੇ ਦਰਜੇ ਨੂੰ ਥਾਂ ਨਹੀਂ । ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣ ਦਾ ਆਦੇਸ਼ ਹੈ । ਦਾਨ ਦੇਣ ਲੈਣ ਦੀ ਗੁੰਜਾਇਸ਼ ਹੀ ਨਹੀਂ । ਇਸ ਦੀ ਬਿਲਕੁਲ ਮਨਾਹੀ ਹੈ । ਨਿਸ਼ਕਾਮ ਸੇਵਾ, ਸਰਬੱਤ ਦਾ ਭਲਾ, ਅਣਖ ਆਜ਼ਾਦੀ ਤੇ ਦੇਸ਼ ਧਰਮ ਦੀ ਆਨ ਖ਼ਾਤਰ ਕੁਰਬਾਨੀ ਖਾਲਸੇ ਲਈ ਮੁਢਲਾ ਸਬਕ ਹੈ । ਇਹ ਕੁਦਰਤ ਦੀਆਂ ਲੀਹਾਂ ਤੇ ਚਲਣ ਵਾਲਾ ਪੰਥ ਹੈ, ਜਿਸ ਵਿਚ ਬਨਾਵਟ, ਝੂਠ, ਕਰਮ ਕਾਂਡ, ਨਿਰਮੂਲ ਰਸਮਾਂ, ਰਹੁ-ਰੀਤਾਂ ਤੇ ਪਾਖੰਡ ਦੀ ਰੰਚਕ ਮਾਤਰ ਵੀ ਗੁੰਜਾਇਸ਼ ਨਹੀਂ ।

ਅੰਮ੍ਰਿਤਧਾਰੀ ਸਿੰਘ ਵਾਸਤੇ ਪੰਜਾਂ ਕਕਾਰਾਂ ਦੀ ਰਹਿਤ ਰਖਣੀ ਅਤੀ ਜ਼ਰੂਰੀ ਹੈ, ਜਿਸ ਵਿਚ ਕੋਈ ਛੋਟ ਜਾਂ ਢਿਲ ਨਹੀਂ ਹੋ ਸਕਦੀ । ਜੀਵਨ ਭਰ ਇਨ੍ਹਾਂ ਕਕਾਰਾਂ ਨੂੰ ਆਪਣੇ ਸਰੀਰ ਨਾਲੋਂ ਅੱਡ ਨਹੀਂ ਕਰਨਾ । ਸਰੀਰ ਦਾ ਕੋਈ ਵੀ ਰੋਮ ਨਹੀਂ ਛੇੜਨਾ । ਕੁਠਾ ਨਹੀਂ ਖਾਣਾ, ਤਮਾਕੂ ਨਹੀਂ ਪੀਣਾ । ਪਰ-ਨਾਰੀ ਜਾਂ ਪਰ-ਮਰਦ ਨਾਲ ਕੋਈ ਸੰਬੰਧ ਨਹੀਂ ਰਖਣਾ । ਯੁਧ ਵਿਚ ਕੋਈ ਹਥਿਆਰ ਸੁਟ ਦੇਵੇ ਤਾਂ ਉਸ ਤੇ ਵਾਰ ਨਹੀਂ ਕਰਨਾ । ਚੋਰ ਯਾਰ ਨਾਲ ਕੋਈ ਵਿਵਹਾਰ ਨਹੀਂ ਰਖਣਾ ।

ਜਿਨ੍ਹਾਂ ਦੇ ਹੱਡੀਂ ਗ਼ੁਲਾਮੀ ਰਚੀ ਹੋਈ ਸੀ ਤੇ ਅਣਖ ਗੁਆ ਕੇ ਅਸਲੋਂ ਹੀ ਸਾਹਸ-ਹੀਣ ਹੋ ਚੁਕੇ ਸਨ ਅਤੇ ਮੁਗਲੀਆ ਸਾਮਰਾਜ ਵਲੋਂ ਬਖਸ਼ੀਆਂ ਮਾਮੂਲੀ ਨੌਕਰੀਆਂ ਜਾਂ ਛੋਟੀਆਂ ਜਾਗੀਰਾਂ ਲੈ ਕੇ ਬੇਅਣਖੀ ਭਰੀ ਖੁਸ਼ੀ ਵਿਚ ਜੂਨ ਕਟ ਰਹੇ ਸਨ ਤੇ ਪੁਰਾਣੇ ਖਿਆਲਾਂ ਦੀਆਂ ਜ਼ੰਜੀਰਾਂ ਵਿਚ ਜਕੜੇ ਹੋਏ ਸਨ, ਉਹ ਇਸ ਨਵ-ਚੇਤਨਾ ਵਾਲੇ ਖਾਲਸਈ ਜੀਵਨ ਤੋਂ ਬੜੇ ਘਬਰਾਏ[੨] । ਉਨ੍ਹਾਂ ਲਈ ਜ਼ਾਤ ਪਾਤ ਨੂੰ ਛਡ ਦੇਣਾ ਏਡਾ ਸੌਖਾ ਨਹੀਂ ਸੀ । ਪਰ ਸਿੰਘਾਂ ਦੀ ਗਿਣਤੀ ਵਧਦੀ ਹੀ ਗਈ । ਪੰਜਾਬ ਦੇ ਬਹੁਤੇ ਲੋਕਾਂ, ਖਾਸ ਕਰ ਖੇਤੀ ਬਾੜੀ ਕਰਨ ਵਾਲਿਆਂ, ਨੇ ਅੰਮ੍ਰਿਤ ਛਕ ਲਿਆ ।

ਔਰੰਗਜ਼ੇਬ ਜਦ ਆਪਣੇ ਕੋੜਮੇ ਕਬੀਲੇ ਵਿਚੋਂ ਤਖ਼ਤ ਦੇ ਹੋ ਸਕਣ ਵਾਲੇ ਸਾਰੇ ਦਾਅਵੇਦਾਰਾਂ ਨੂੰ ਮੌਤ ਦੇ ਘਾਟ ਉਤਾਰ ਕੇ ਰਾਜ-ਸੱਤਾ ਦਾ ਮਾਲਕ ਬਣ ਗਿਆ ਤਾਂ ਹਿੰਦੂਆਂ ਉਤੇ ਨਵੇਂ ਸਿਰਿਓਂ ਜਜ਼ੀਆ ਲਾ ਦਿਤਾ ਗਿਆ । (ਅਕਬਰ ਦੇ ਸਮੇਂ ਇਹ ਬੰਦ ਕਰ ਦਿਤਾ ਗਿਆ ਸੀ) । ਹੋਰ ਕਈ ਬੰਦਸ਼ਾਂ ਵੀ ਲਾਗੂ ਕਰ ਦਿਤੀਆਂ ਗਈਆਂ, ਜਿਵੇਂ ਰੇਸ਼ਮੀ ਕਪੜੇ ਪਹਿਨਣੇ, ਸਫ਼ੈਦ ਪਗੜੀ ਤੇ ਤੁੱਰਾ ਛਡਣਾ, ਅਰਬੀ ਨਸਲ ਦੇ ਘੋੜੇ ਦੀ ਸਵਾਰੀ, ਪਾਲਕੀ ਦੀ ਸਵਾਰੀ ਦਾੜ੍ਹੀ ਮੁਛ ਰਖਣੀ ਹਿੰਦੂਆਂ ਲਈ ਮਨਾਹੀ ਕਰ ਦਿਤੀ । ਕੋਈ ਵੀ ਹਿੰਦੂ ਨਾ ਹਥਿਆਰ ਰਖ ਸਕਦਾ ਸੀ, ਨਾ ਆਪਣੇ ਜਿਸਮ ਤੇ ਉਨ੍ਹਾਂ ਨੂੰ ਸਜਾ ਸਕਦਾ ਸੀ । ਸਿੰਘਾਂ ਵਾਸਤੇ ਕੇਸ ਦਾੜ੍ਹੀ ਰਖਣਾ ਤੇ ਹਥਿਆਰ ਸਜਾਉਣਾ ਧਾਰਮਿਕ ਫਰਜ਼ ਸੀ ।[੩] ਸਮੇਂ ਦੀ ਹਕੂਮਤ ਨੇ ਆਪਣੇ ਦ੍ਰਿਸ਼ਟੀਕੋਣ ਤੋਂ ਸਿੰਘਾਂ ਦੇ ਕੇਸ ਰਖਣ ਤੇ ਹਥਿਆਰ ਸਜਾਉਣ ਅਤੇ ਘੋੜੇ ਦੀ ਸਵਾਰੀ ਨੂੰ, ਵੇਖਦਿਆਂ ਹੋਇਆਂ ਆਪਣੇ ਲਈ ਖ਼ਤਰਾ ਸਮਝਿਆ ਤੇ ਪੂਰੀ ਸਖਤੀ ਨਾਲ ਸਿੰਘਾਂ ਨੂੰ ਦਬਾ ਦੇਣਾ ਚਾਹਿਆ । ਮੁਗ਼ਲੀਆ ਹਕੂਮਤ ਤੇ ਖਾਲਸਾ ਪੰਥ ਵਿਚਕਾਰ ਇਹ ਵਿਰੋਧ ਸ਼ਸਤਰੀ ਟਾਕਰੇ ਦਾ ਰੂਪ ਧਾਰਨ ਕਰ ਗਿਆ । ਸਿੰਘ ਨਗਾਰੇ ਵਜਾਉਂਦੇ, ਸਨੱਧ-ਬਧ ਹੋ ਕੇ ਨਿਸ਼ਾਨ ਲੈ ਕੇ ਘੋੜਿਆਂ ਤੇ ਚੜ੍ਹ ਕੇ ਵਿਚਰਦੇ । ਸ਼ਿਕਾਰ, ਜਿਸ ਦੀ ਹਿੰਦੂਆਂ ਲਈ ਸਖ਼ਤ ਬੰਦਸ਼ ਸੀ, ਸਿੰਘ ਉਹ ਵੀ ਵਜ ਗੱਜ ਕੇ ਖੇਡਦੇ । ਅਹਿਦੀਆਂ ਦੀ ਸਵਾਰੀ ਵਾਲੀਆਂ ਪਾਲਕੀਆਂ ਚੁਕਣੋਂ ਸਾਫ਼ ਇਨਕਾਰ ਕਰਦੇ ਤੇ ਪਿੰਡ ਵਿਚ ਆਇਆਂ ਨੂੰ ਜਬਰੀ ਮੰਗਣ ਤੇ ਰਸਦ ਪਾਣੀ ਜਾਂ ਘਾਹ ਪੱਠਾ ਵੀ ਨਾ ਦੇਂਦੇ ।[੪]



www.AKJ.Org

ਇੰਜ ਇਹ ਲਹਿਰ ਦਿਨ ਬਦਿਨ ਜ਼ੋਰ ਫੜਦੀ ਗਈ। ਮੁਗਲ ਹਕੂਮਤ ਦੀ ਸਖ਼ਤੀ ਵੀ ਨਾਲ ਵਧਦੀ ਗਈ। ਗੁਰੂ ਗੋਬਿੰਦ ਸਿੰਘ ਜੀ ਨਾਲ ਪਹਿਲਾਂ ਪਹਾੜੀਆਂ ਤੇ ਫਿਰ ਸ਼ਾਹੀ ਫ਼ੌਜਾਂ ਨਾਲ ਬੜੀਆਂ ਭਾਰੀਆਂ ਲੜਾਈਆਂ ਹੋਈਆਂ। ਗੁਰੂ ਜੀ ਨੂੰ ਅਨੰਦਪੁਰ ਸਾਹਿਬ ਛਡਣਾ ਪਿਆ। ਚਾਰੇ ਸਾਹਿਬਜ਼ਾਦੇ ਤੇ ਮਾਤਾ ਜੀ ਸ਼ਹੀਦ ਹੋ ਗਏ। ਸਿੰਘ ਵੀ ਬੇਸ਼ੁਮਾਰ ਮਾਰੇ ਗਏ। ਨਿਬੇੜਾ ਕਿਸੇ ਧਿਰ ਦੀ ਹਾਰ ਜਿਤ ਵਿਚ ਨਾ ਹੋਇਆ।

ਜਦ ਔਰੰਗਜ਼ੇਬ ਮੋਇਆ ਤਾਂ ਉਸ ਦੇ ਲੜਕੇ ਮੁਅੱਜ਼ਮ (ਬਹਾਦਰ ਸ਼ਾਹ) ਨੇ ਰਾਜ ਗੱਦੀ ਹਾਸਿਲ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਦੀ ਅਸ਼ੀਰਵਾਦ ਤੇ ਸਹਾਇਤਾ ਇਹ ਵਚਨ ਦੇ ਕੇ ਪ੍ਰਾਪਤ ਕਰ ਲਈ ਕਿ ਉਹ ਧਾਰਮਿਕ ਭਿੰਨ-ਭੇਦਾਂ ਤੇ ਰੂ-ਰਿਆਇਤਾਂ ਤੋਂ ਉਪਰ ਉੱਠ ਕੇ ਹੱਕ ਇਨਸਾਫ਼ ਦਾ ਰਾਜ ਚਲਾਏਗਾ। ਜਿਨ੍ਹਾਂ ਸਰਕਾਰੀ ਅਫ਼ਸਰਾਂ, ਭਾਵੇਂ ਉਹ ਕਿਡੇ ਵੀ ਵੱਡੇ ਅਹੁਦੇ ਉਤੇ ਕਿਉਂ ਨਾ ਹੋਣ, ਗੁਰੂ ਜੀ ਉਤੇ ਵਧੀਕੀਆਂ ਤੇ ਅਤਿਆਚਾਰ ਕੀਤੇ ਹਨ, ਉਨ੍ਹਾਂ ਨੂੰ ਗੁਰੂ ਜੀ ਦੇ ਹਵਾਲੇ ਕਰ ਦੇਵੇਗਾ, ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਤੋਂ ਬਖਸ਼ਿਆ ਨਹੀਂ ਜਾਵੇਗਾ।

ਬਹਾਦਰ ਸ਼ਾਹ ਨੇ ਜਦ ਰਾਜ-ਸੱਤਾ ਪ੍ਰਾਪਤ ਕਰ ਲਈ ਤਾਂ ਆਪਣੇ ਇਕਰਾਰਾਂ ਵਲੋਂ ਘੇਸਲ ਮਾਰਨੀ ਸ਼ੁਰੂ ਕਰ ਦਿਤੀ। ਦਸਮੇਸ਼ ਜੀ ਜਦ ਦਿਲੀਉਂ ਦਖਣ ਵਲ ਨੂੰ ਚਾਲੇ ਪਾ ਗਏ ਤਾਂ ਬਾਦਸ਼ਾਹ ਵੀ ਦਖਣ ਦੇ ਬੰਦੋਬਸਤ ਲਈ ਉਸ ਪਾਸੇ ਚਲ ਪਿਆ। ਬੁਰਹਾਨਪੁਰ ਇਕ ਵਾਰ ਫਿਰ ਮੇਲ ਹੋਇਆ ਤੇ ਨੰਦੇੜ ਤਕ ਗੁਰੂ ਮਹਾਰਾਜ ਤੇ ਬਾਦਸ਼ਾਹ ਇਕੱਠੇ ਹੀ ਗਏ। ਮਰਹਟਿਆਂ ਵਲੋਂ ਤਾਂ ਭਾਵੇਂ ਅਜੇ ਜ਼ਿਆਦਾ ਸ਼ੋਰਸ਼ ਨਹੀਂ ਸੀ ਹੋ ਰਹੀ, ਪਰ ਉਸ ਦਾ ਆਪਣਾ ਭਰਾ ਕਾਮ ਬਖਸ਼, ਜੋ ਗੁਜਰਾਤ ਦਾ ਗਵਰਨਰ ਸੀ, ਬਾਗੀ ਹੋ ਗਿਆ ਤੇ ਉਸ ਨੇ ਆਪਣੀ ਖ਼ੁਦ ਮੁਖ਼ਤਾਰੀ ਦਾ ਐਲਾਨ ਕਰ ਦਿਤਾ। ਬਹਾਦਰ ਸ਼ਾਹ ਗੁਰੂ ਜੀ ਨਾਲ ਕੀਤੇ ਕੌਲ ਪੂਰੇ ਕਰਨ ਵਿਚ ਟਾਲ ਮਟੋਲ ਵੀ ਕਰ ਰਿਹਾ ਸੀ ਤੇ ਉਨ੍ਹਾਂ ਨੂੰ ਨਾਲ ਲੈ ਜਾ ਕੇ ਮਰਹਟਿਆਂ ਦੇ ਵਿਰੁਧ ਵੀ ਵਰਤਣਾ ਚਾਹੁੰਦਾ ਸੀ। ਗੁਰੂ ਜੀ ਨੇ ਉਸਦੀ ਇਸ ਚਾਲ ਵਿਚ ਆਉਣ ਤੋਂ ਸਾਫ਼ ਇਨਕਾਰ ਕਰ ਦਿਤਾ। ਉਹ ਤਾਂ ਨੰਦੇੜ ਹੀ ਰੁਕ ਗਏ ਤੇ ਬਹਾਦਰ ਸ਼ਾਹ ਅੱਗੇ ਨੂੰ ਚਲ ਪਿਆ।

ਇਨ੍ਹੀਂ ਦਿਨੀਂ ਮਾਧੋਦਾਸ ਗੁਰੂ ਜੀ ਪਾਸੋਂ ਅੰਮ੍ਰਿਤ ਛਕ ਕੇ ਬੰਦਾ ਸਿੰਘ ਬਹਾਦਰ ਬਣ ਚੁਕਾ ਸੀ। ਪਹਾੜੀ ਰਾਜਿਆਂ ਤੇ ਜ਼ਾਲਮ ਮੁਗਲ ਅਫਸਰਾਂ ਦੀ ਸੁਧਾਈ ਲਈ ਗੁਰੂ ਜੀ ਤੋਂ ਆਗਿਆ ਤੇ ਅਸ਼ੀਰਵਾਦ ਲੈ ਕੇ ਪੰਜਾਬ ਨੂੰ ਰਵਾਨਾ ਹੋ ਗਿਆ ਸੀ। ਉਸ ਨੇ ਪੰਜਾਬ ਅੱਪੜ ਕੇ ਹੇਠਲੀ ਉਤੇ ਲਿਆ ਦਿਤੀ ਅਤੇ ਕਰਨਾਲ ਤੋਂ ਲੈ ਕੇ ਲਾਹੌਰ ਦੀਆਂ ਕੰਧਾਂ ਤਕ ਮੁਗ਼ਲੀਆ ਰਾਜ ਦੀ ਸਫ਼ ਵਲ੍ਹੇਟ ਕੇ ਖਾਲਸੇ ਦਾ ਰਾਜ ਕਾਇਮ ਕਰ ਦਿਤਾ। ਜ਼ਾਲਮਾਂ ਦੁਸ਼ਟਾਂ ਨੂੰ ਚੁਣ ਚੁਣ ਕੇ ਮਾਰਿਆ। ਉਸ ਨੇ ਲੋਹਗੜ੍ਹ ਨੂੰ ਆਪਣੀ ਰਾਜਧਾਨੀ ਬਣਾ ਲਿਆ, ਜੋ ਕਪਾਲ ਮੋਚਨ (ਜ਼ਿਲਾ ਅੰਬਾਲਾ) ਤੋਂ ੨੦–੨੨ ਕਿਲੋ ਮੀਟਰ ਪਹਾੜਾਂ ਦੀ ਗੋਦ ਵਿਚ ਹੈ।

ਪੰਜਾਬ ਦੀਆਂ ਘਟਨਾਵਾਂ ਦੀ ਖ਼ਬਰ ਬਾਦਸ਼ਾਹ ਨੂੰ ਉਜੈਨ ਵਿਖੇ ਉਸਦੇ ਕੈਂਪ ਵਿਚ ਮਿਲੀ। ਕਾਮ ਬਖਸ਼ ਨੂੰ ਉਸ ਨੇ ਮਾਰ ਲਿਆ ਸੀ, ਇਸ ਲਈ ਸਾਰੀ ਫੌਜ ਸਮੇਤ ਰਾਜਪੂਤਾਂ ਦੀਆਂ ਸੈਨਾਵਾਂ ਦੇ ਉਹ ਬੰਦਾ ਸਿੰਘ ਵਿਰੁਧ ਪੰਜਾਬ ਨੂੰ ਚੜ੍ਹ ਪਿਆ।

ਬਾਦਸ਼ਾਹ ਅਜਮੇਰ ਪੁਜਾ ਸੀ ਕਿ ਵਜੀਦ ਖ਼ਾਨ ਦੇ ਪੁਤਰ, ਸਰਹੰਦ ਤੇ ਸਮਾਣੇ ਦੇ ਸੱਯਦਾਂ ਤੇ ਹੋਰ ਹਜ਼ਾਰਾਂ ਲੋਕਾਂ ਨੂੰ ਨਾਲ ਲੈ ਕੇ ਇਥੇ ਪੁਜੇ ਤੇ ਸਭ ਹੋਈ ਬੀਤੀ ਨਾਲ ਸੌ ਸੌ ਝੂਠ ਗੰਢ ਕੇ ਵਧਾ ਚੜ੍ਹਾ ਕੇ ਦਸ ਕੇ ਬੁਢੇ ਬਾਦਸ਼ਾਹ ਨੂੰ ਖ਼ੂਬ ਭਖਾ ਦਿਤਾ। ਲਸ਼ਕਰ ਨੇ ਤਤਕਾਲ ਕੂਚ ਕੀਤਾ ਤੇ ਤੇਜ਼ ਰਫ਼ਤਾਰ ਕਾਸਿਦਾਂ ਰਾਹੀਂ ਹੁਕਮ ਭਿਜਵਾ ਦਿਤੇ ਕਿ ਅਲਾਹਬਾਦ ਤਕ ਦੀਆਂ ਫੌਜਾਂ ਇਕੱਠੀਆਂ ਹੋ ਕੇ ਬਾਦਸ਼ਾਹ ਦਾ, ਦਿੱਲੀਓਂ ਬਾਹਰ ਅਠ ਕੋਹ ਦੀ ਵਿਥ ਤੇ, ਮਿਥੇ ਥਾਂ ਉਤੇ ਇੰਤਜ਼ਾਰ ਕਰਨ।

ਬਾਦਸ਼ਾਹ ਦਿੱਲੀ ਨਹੀਂ ਵੜਿਆ, ਸਾਰੇ ਲਾਮ ਲਸ਼ਕਰ ਨੂੰ ਲੈ ਕੇ ਮੁਖ਼ਲਸਗੜ੍ਹ (ਲੋਹਗੜ੍ਹ) ਨੂੰ ਘੇਰ ਲਿਆ। ਦੁਵੱਲਾ ਜਾਨੀ ਮਾਲੀ ਨੁਕਸਾਨ ਬਹੁਤ ਹੋਇਆ। ਇਸ ਘੇਰੇ ਸਮੇਂ ਬਾਦਸ਼ਾਹ ਆਪ, ਉਸਦੇ ਚਾਰੇ ਸ਼ਹਿਜ਼ਾਦੇ ਤੇ ਬੜੇ ਬੜੇ ਤਜਰਬਾਕਾਰ ਜਰਨੈਲ ਤੇ ਕਈ ਰਾਜਪੂਤ ਰਾਜੇ ਬੰਦਾ ਸਿੰਘ ਦੇ ਮੁਕਾਬਲੇ ਤੇ ਸਨ। ਇਹ ਲਖਾਂ ਦਾ ਘੇਰਾ ਸੀ।



www.AKJ.Org

ਪਰ ਬਾਦਸ਼ਾਹ ਦੀ ਮਾਯੂਸੀ ਤੇ ਗੁੱਸੇ ਦੀ ਹੱਦ ਨਾ ਰਹੀ ਜਦ ਬੰਦਾ ਸਿੰਘ ਆਪਣੇ ਸਾਰੇ ਜ਼ਖੀਰੇ ਸਾੜ ਫੂਕ ਕੇ ਨਾਹਨ ਦੀਆਂ ਪਹਾੜੀਆਂ ਵਲ ਨਿਕਲ ਗਿਆ।

ਬਹਾਦਰ ਸ਼ਾਹ ਲੋਹਗੜ੍ਹੋਂ ਆਹਿਸਤਾ ਆਹਿਸਤਾ ਲਾਹੌਰ ਵਲ ਨੂੰ ਹੋ ਤੁਰਿਆ। ਇਥੇ ਆ ਕੇ ਇਸ ਸੁਝਾਉ ਤੇ, ਕਿ ਨਾਨਕ ਪੰਥੀ (ਸਿੰਘ) ਹਿੰਦੂਆਂ ਦੇ ਭੇਸ ਵਿਚ ਆ ਕੇ ਲਸ਼ਕਰ ਤੇ ਸ਼ਹਿਰ ਵਿਚ ਨੁਕਸਾਨ ਕਰ ਜਾਂਦੇ ਹਨ, ਉਸ ਨੇ ਹੁਕਮ ਜਾਰੀ ਕਰ ਦਿਤਾ ਕਿ ਕੋਈ ਹਿੰਦੂ ਜੋ ਲਸ਼ਕਰ ਵਿਚ ਹੈ, ਦਾੜ੍ਹੀ ਮੁਛ ਨਾ ਰਖੇ। ਉਨ੍ਹਾਂ ਤੋਂ ਇਹ ਇਜਾਜ਼ਤ ਵਾਪਸ ਲਈ ਜਾਂਦੀ ਹੈ। ਰਾਤੋ ਰਾਤ ਦਾੜ੍ਹੀਆਂ ਸਫ਼ਾ ਚਟ ਹੋ ਗਈਆਂ। ਇਸ ਤੋਂ ਪਿਛੋਂ ਸ਼ਹਿਰੀ ਵਸਨੀਕ ਹਿੰਦੂਆਂ ਤੋਂ ਵੀ ਇਹ ਇਜਾਜ਼ਤ ਵਾਪਸ ਲੈ ਲਈ ਤੇ ਉਨ੍ਹਾਂ ਵੀ ਸਿਰ ਮੂੰਹ ਮੁਨਵਾ ਦਿਤੇ। ਬਾਦਸ਼ਾਹ ਨੂੰ ਸਿੰਘਾਂ ਵਿਰੁਧ ਜਦ ਹੋਰ ਭਖਾਇਆ ਗਿਆ ਤਾਂ ਉਸ ਨੇ ਦਸੰਬਰ ੧੭੧੦ ਈ: ਨੂੰ ਸਿੰਘਾਂ ਦਾ ਸਿਰਿਉਂ ਹੀ ਕਤਲਾਮ ਕਰ ਦੇਣ ਦਾ ਫ਼ੁਰਮਾਨ ਜਾਰੀ ਕਰ ਦਿਤਾ। ਇਹ ਸਿੰਘਾਂ ਵਿਰੁਧ ਕਤਲਿ-ਆਮ ਦਾ ਪਹਿਲਾ ਬਾਦਸ਼ਾਹੀ ਫ਼ੁਰਮਾਨ ਸੀ। ਇਸ ਤੋਂ ਪਿਛੋਂ ਫਿਰ ਚਲ ਸੋ ਚਲ ਰਹੀ। —ਚਲਦਾ

## ਫੁਟ ਨੋਟ ਤੇ ਹਵਾਲੇ

੧. ਤਿਲਕ ਜੰਞੂ ਹਿੰਦੂ ਧਰਮ ਦੇ ਵਿਆਪਕ ਚਿੰਨ੍ਹ ਹਨ। ਇਨ੍ਹਾਂ ਉਤੇ ਕੋਈ ਕਿੰਤੂ ਨਹੀਂ ਕਰ ਸਕਦਾ। ਇਨ੍ਹਾਂ ਦੇ ਧਾਰਨੀ ਤੋਂ ਹਰ ਭਲੇ ਦੀ ਆਸ ਹੋਣੀ ਚਾਹੀਦੀ ਹੈ। ਪਰ ਇਨ੍ਹਾਂ ਦੇ ਵੱਡੇ ਧਾਰਨੀ ਬ੍ਰਾਹਮਣਾਂ ਨੇ ਹਜ਼ਾਰਾਂ ਸਾਲਾਂ ਤਕ ਕਰੋੜਾਂ ਸ਼ੂਦਰਾਂ ਨੂੰ ਨਰਕ ਭੁਗਤਾ ਛਡਿਆ ਅਤੇ ਪਸ਼ੂਆਂ ਵਰਗਾ ਜੀਵਨ ਜੀਉਣ ਲਈ ਮਜਬੂਰ ਕਰੀ ਰਖਿਆ। ਵੇਦ, ਜੋ ਰੱਬੀ ਕਲਾਮ ਮੰਨਿਆ ਜਾਂਦਾ ਹੈ, ਉਸ ਦੇ ਪੜ੍ਹਨ ਸੁਣਨ ਦੇ ਜੁਰਮ ਵਿਚ ਉਨ੍ਹਾਂ ਦੀਆਂ ਜ਼ਬਾਨਾਂ ਵਢੀਦੀਆਂ ਰਹੀਆਂ ਤੇ ਕੰਨਾਂ ਵਿਚ ਸਿੱਕਾ ਢਲ ਢਲ ਪੈਂਦਾ ਰਿਹਾ। ਕੀ ਬ੍ਰਾਹਮਣਾਂ ਤੇ ਸ਼ੂਦਰਾਂ ਨੂੰ ਵਖ ਵਖ ਈਸ਼ਵਰਾਂ ਨੇ ਪੈਦਾ ਕੀਤਾ ਸੀ ? ਜ਼ਾਤ ਪਾਤ ਦੀ ਵੰਡ ਕਰਨ ਵਾਲਿਆਂ, ਛੂਤਛਾਤ ਫੈਲਾਉਣ ਤੇ ਕਰਮ ਕਾਂਡਾਂ ਤੇ ਹੋਰ ਭਰਮਾਂ-ਪਖੰਡਾਂ ਤੇ ਦਾਨਾਂ ਰਾਹੀਂ ਲੁਟ ਮਚਾਉਣ ਵਾਲਿਆਂ ਇਨ੍ਹਾਂ ਤਿਲਕ ਜੰਞੂ ਦਿਆਂ ਪਾਉਣ ਵਾਲਿਆਂ ਨੇ ਤਿਲਕ ਜੰਞੂ ਦੀ ਮਿੱਟੀ ਪਲੀਤ ਕਰ ਕੇ ਰਖ ਦਿਤੀ। ਜਿਸ ਚੀਜ਼ ਨੂੰ ਕੋਈ ਲਾ ਕੇ ਜਾ ਪਾ ਕੇ ਗਿਰਾਵਟ ਵਿਚ ਡਿਗੇ ਤਾਂ ਕੀ ਉਸ ਦੀਆਂ ਉਹ ਚੀਜ਼ਾਂ ਉਸ ਗਿਰਾਵਟ ਦੇ ਦੋਸ਼ ਤੋਂ ਮੁਕਤ ਰਹਿ ਜਾਣਗੀਆਂ ? ਜਦ ਇਨ੍ਹਾਂ ਨੂੰ ਸਜਾ ਕੇ ਮਨੁਖਤਾ ਦੇ ਇਕ ਵੱਡੇ ਹਿਸੇ ਤੇ ਕਹਿਰ ਟੁਟ ਰਹੇ ਸਨ ਤਾਂ ਇਨ੍ਹਾਂ ਨੂੰ ਬਚਾਉਣ ਜਾਂ ਰਖਣ ਲਈ ਕੁਰਬਾਨੀ ਦੀ ਕੀ ਲੋੜ ਸੀ ? ਬ੍ਰਾਹਮਣਾਂ ਨੇ ਆਪਣੀਆਂ ਕਮਜ਼ੋਰੀਆਂ, ਲਾਲਚ, ਬੁਰਾਈਆਂ, ਭਰਮ ਤੇ ਪਾਖੰਡ ਨੂੰ ਇਨ੍ਹਾਂ ਚਿੰਨ੍ਹਾਂ ਪਿਛੇ ਲੁਕੋ ਕੇ ਇਨ੍ਹਾਂ ਦੀ ਆਬ ਵੀ ਉਡਾ ਦਿਤੀ।

ਬ੍ਰਾਹਮਣ ਨੇ ਕਦੇ ਸ਼ੂਦਰਾਂ ਤੇ ਦਇਆ ਨਹੀਂ ਕੀਤੀ। ਹਜ਼ਾਰਾਂ ਸਾਲ ਤਕ ਚੇਤਾ ਨਹੀਂ ਆਇਆ ਕਿ ਦਇਆ ਕੀ ਹੁੰਦੀ ਹੈ, ਇਸ ਦਾ ਉਸ ਵੇਲੇ ਧਿਆਨ ਆਇਆ ਜਦ ਸ਼ਰੀਅਤ ਤੇ ਤੁਅੱਸਬ ਨੇ ਬ੍ਰਾਹਮਣਾਂ ਦੀ ਧੌਣ ਤੇ ਗੋਡਾ ਦਿਤਾ ਤੇ ਅੱਖਾਂ ਅਗੇ ਫ਼ਨਾਹ ਹੋ ਜਾਣ ਦੇ ਚਿੰਨ੍ਹ ਉਭਰਨ ਲੱਗੇ।

ਗੁਰੂ ਮਹਾਰਾਜ ਨੇ ਇਸ ਅਸੂਲ ਦੇ ਤਹਿਤ ਇਨ੍ਹਾਂ ਦੀ ਬਾਂਹ ਫੜ ਲਈ ਕਿ ਇਹ ਵੀ ਉਸੇ ਬਾਪ ਦੇ ਪੁਤਰ ਹਨ ਤੇ ਇਨ੍ਹਾਂ ਨੂੰ ਵੀ ਸਵਤੰਤਰਤਾ ਨਾਲ ਜੀਉਣ ਦਾ ਹੱਕ ਹੈ। ਉਸ ਵੇਲੇ ਇਨ੍ਹਾਂ ਵਲੋਂ ਸ਼ੂਦਰਾਂ ਉਤੇ ਢਾਹੇ ਜ਼ੁਲਮ ਨੂੰ ਅਖਾਂ ਅਗੇ ਨਹੀਂ ਲਿਆਂਦਾ। ਇਹ ਕੁਰਬਾਨੀ ਮਾਨਵਤਾ ਦੇ ਬਚਾਅ ਲਈ ਸੀ।

੨. ਬਾਈ ਧਾਰ ਦੇ ਪਹਾੜੀ ਹਿੰਦੂ ਰਾਜਿਆਂ ਨੇ ਜਾਤੀ ਅਭਿਮਾਨ ਕਰਕੇ ਅੰਮ੍ਰਿਤ ਨਹੀਂ ਛਕਿਆ। ਉਹ ਆਮ ਲੋਕਾਂ, ਜਿਨ੍ਹਾਂ ਨੂੰ ਉਹ ਨੀਵਾਂ ਸਮਝਦੇ ਸਨ, ਨਾਲ ਇਕ ਥਾਂ ਬੈਠਣ, ਇਕ ਭਾਂਡੇ ਚੋਂ ਅੰਮ੍ਰਿਤ ਛਕਣ ਤੇ ਇਕ ਬਰਤਨ ਚੋਂ ਪ੍ਰਸ਼ਾਦ ਛਕ ਕੇ ਛੂਤ ਛਾਤ ਨੂੰ ਤਿਆਗਣ ਤੋਂ ਇਨਕਾਰੀ ਹੋ ਗਏ। ਖਾਲਸਾ ਪੰਥ ਦੀ ਸਿਰਜਨਾ ਦਾ ਸਭ ਤੋਂ ਪਹਿਲਾਂ ਤੇ ਸਭ ਤੋਂ ਜ਼ਿਆਦਾ ਉਨ੍ਹਾਂ ਹੀ ਵਿਰੋਧ ਕੀਤਾ। ਉਨ੍ਹਾਂ ਇਹ ਧਾਰ ਲਈ ਸੀ ਕਿ ਖਾਲਸਾ ਪੰਥ ਨੂੰ ਅਨੰਦਪੁਰ ਸਾਹਿਬ ਦੀਆਂ ਗਲੀਆਂ ਵਿਚ ਹੀ ਖ਼ਤਮ ਕਰ ਦਿਤਾ ਜਾਵੇਗਾ। ਪਰ ਹੋਇਆ ਐਨ ਉਸਦੇ ਉਲਟ। ਮਿਟਾਉਣ ਵਾਲੇ ਖ਼ੁਦ ਫ਼ਨਾ-ਫ਼ਿਲਾ ਹੋ ਗਏ ਤੇ ਖਾਲਸਾ ਸਾਰੇ ਸੰਸਾਰ ਭਰ ਵਿਚ ਪ੍ਰਸਿਧਤਾ ਨਾਲ ਵਿਚਰਨ ਲੱਗਾ।


www.AKJ.Org

# ਜਬੈ ਬਾਣ ਲਾਗਯੋ ॥ ਤਬੈ ਰੋਸ ਜਾਗਯੋ ॥

[ਸ: ਨਰੈਣ ਸਿੰਘ ਜੀ ਐਮ. ਏ., ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਭੰਗਾਣੀ ਦੇ ਜੁਧ ਸਮੇਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਰਾਜਾ ਹਰੀ ਚੰਦ ਨੂੰ ਵੰਗਾਰ ਕੇ ਕਿਹਾ ਸੀ ਕਿ 'ਤੈਨੂੰ ਵਾਰ ਕਰਨ ਦੀ ਮੈਂ ਪਹਿਲ ਦੇਂਦਾ ਹਾਂ, ਵਾਰ ਕਰ ਲੈ।' ਹਰੀ ਚੰਦ ਨੇ ਦੋ ਤੀਰ ਚਲਾਏ, ਦੋਵੇਂ ਹੀ ਖ਼ਾਲੀ ਗਏ। ਉਸ ਤੇ ਗੁੱਸਾ ਖਾ ਕੇ ਤੀਜਾ ਤੀਰ ਗੁਰੂ ਜੀ ਦੇ ਸਿਰ ਦਾ ਨਿਸ਼ਾਨਾ ਲੈ ਕੇ ਮਾਰਿਆ, ਜੋ ਆਪ ਦੇ ਕੰਨ ਨੂੰ ਛੋਹ ਕੇ ਅਗੇ ਨਿਕਲ ਗਿਆ। ਗੁਰੂ ਜੀ ਬਚਿਤ੍ਰ ਨਾਟਕ ਵਿਚ ਇਸ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ—

ਜਬੈ ਬਾਣ ਲਾਗਯੋ ॥ ਤਬੈ ਰੋਸ ਜਾਗਯੋ। ।੩੧।। [ਬਚਿਤ੍ਰ ਨਾਟਕ, ਧਿਆਇ ੮

ਅਸੀਂ ਖ਼ਾਲਸਈ ਕਰਮ ਭੁਲ ਚੁਕੇ ਸਾਂ। ਸਤਿਗੁਰੂ ਜੀ ਨੇ ਇਨ੍ਹਾਂ ਦੋਹਾਂ ਤਾਜ਼ੇ ਘਲੂਘਾਰਿਆਂ ਦੁਆਰਾ ਸਾਨੂੰ ਹਲੂਣਿਆ ਹੈ ਕਿ ਅਸੀਂ ਆਪਾ ਸੰਭਲੀਏ। ਸਾਡੀ ਜਾਨੀ ਤੇ ਮਾਲੀ ਤਬਾਹੀ ਹੋਈ ਹੈ, ਬੇਪਤੀ ਭੀ ਰਜ ਕੇ ਹੋਈ ਹੈ। ਸਾਡੇ ਧਰਮ ਨੂੰ ਚੈਲੰਜ ਕੀਤਾ ਗਿਆ ਹੈ, ਪਰੰਤੂ ਕਿਸੇ ਨੇ ਸਾਡੇ ਲਈ ਆਹ ਦਾ ਨਾਹਰਾ ਨਹੀਂ ਮਾਰਿਆ। ਵਿਧਾਨਕ ਲੋਕ ਤੇ ਰਾਜ ਸਭਾਵਾਂ ਦਿਕੱਤਰ ਹੋਈਆਂ ਹਨ, ਕਿਸੇ ਸਾਡੇ ਨਾਲ ਹਮਦਰਦੀ ਤੱਕ ਨਹੀਂ ਕੀਤੀ, ਨਾ ਕਿਸੇ ਨੈਸ਼ਨਲ ਜਾਂ ਰਿਜਨਲ ਪਾਰਟੀ ਨੇ ਇਸ ਨੂੰ ਮਾੜਾ ਕਿਹਾ ਹੈ; ਸਗੋਂ ਦੋਸ਼ ਸਾਨੂੰ ਹੀ ਦਿਤਾ ਹੈ।

ਸੋ ਸਪਸ਼ਟ ਹੈ ਕਿ ਜੇ ਅਸੀਂ ਜੀਊਣਾ ਹੈ ਤਾਂ ਆਪਣੇ ਪੈਰੋਂ ਆਪਣੀ ਹਿੰਮਤ ਤੇ ਆਪਣੇ ਸਵੈ-ਮਾਣ ਦੇ ਸਿਰ ਤੇ। ਨਿਆਰੀ ਹੋਂਦ ਵਲੋਂ ਹੱਥ ਧੋਂਦੇ ਹੋਏ ਆਪਣੇ ਧਰਮ ਦਾ ਸਵੈ-ਘਾਤ ਹੋਇਆ ਪ੍ਰਵਾਨ ਕਰ ਲੈਣਾ ਮੌਤ ਤੋਂ ਪਹਿਲੋਂ ਮਰਨਾ ਹੈ। ਕਾਇਰ ਵਾਰ ਵਾਰ ਮਾਰਦਾ ਹੈ, ਪਰ ਸੂਰਮਾ ਇਕੋ ਵਾਰ। ਸਤਿਗੁਰੂ ਨੇ 'ਖਾਲਸਾ ਅਕਾਲ ਪੁਰਖ ਕੀ ਫਉਜ' ਬਣਾਇਆ ਸੀ, ਅੰਮ੍ਰਿਤ ਦਾ ਘੁਟ ਪਿਲਾ ਕੇ ਸਾਨੂੰ ਅਮਰ ਕੀਤਾ, ਚਿੜੀਉਂ ਬਾਜ ਅਤੇ ਗਿਦੜੋਂ ਸ਼ੇਰ ਕੀਤਾ ਸੀ, ਸਾਡੇ ਸਿਰ ਪਗ ਬੰਨ੍ਹਾਈ ਸੀ। ਅਸੀਂ ਅਕਾਲ ਪੁਰਖ ਦੀ ਫਉਜ ਦੇ ਮਰਜੀਊੜੇ ਸਿਪਾਹੀ ਸਾਂ। ਉਸ ਅੰਮ੍ਰਿਤ ਨੂੰ ਤਿਆਗ ਕੇ ਅਸੀਂ ਮੁੜ ਸ਼ੇਰੋਂ ਗਿਦੜ ਹੋ ਗਏ। ਸਾਨੂੰ ਸਿਰ ਬੰਨ੍ਹਾਈ ਪਗ ਲਹਿੰਦੀ ਵੇਖ ਕੇ ਵੀ ਸ਼ਰਮ ਨਾ ਆਈ।

ਆਓ, ਸੰਭਾਲੋ ਉਸ ਪਗ ਨੂੰ, ਲੜ ਲਗੋ ਸਤਿਗੁਰੂ ਦੇ ਸਤਿਗੁਰੂ ਦੀ ਪਵਿਤਰ ਬਾਣੀ ਦੇ, 'ਪੀਵਹੁ ਪਾਹੁਲ ਖੰਡੇਧਾਰ' ਦੇ ਧਾਰਨੀ ਹੋ ਜਾਓ—"ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥" (੬੪੬) ਉਠੋ ਇਸ ਨਿਸ਼ਚੇ ਨਾਲ ਕਿ—"ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥" (੧੪੨੯)

ਛਡ ਦਿਓ ਲੋਭ ਲਾਲਚ ਕੁਰਸੀਆਂ ਦੇ, ਛਡੋ ਗਦੇਲੀਂ ਬੈਠਣਾ, ਛਡੋ ਮਾਇਆ ਸੁਆਵੜੇ। ਇਹ ਮਹਿਲ ਮਾੜੀਆਂ, ਕੁਰਸੀਆਂ, ਟੈਲੀਵੀਜ਼ਨਾਂ ਤੇ ਰਾਗ ਰੰਗੜੇ ਨਹੀਂ ਰਹਿਣਗੇ। ਸੁਆਦ ਮਾਣੋ ਯਾਰੜੇ ਦੇ ਸਥਰ ਦਾ। ਬਣ ਜਾਵੇ ਉਹ ਤੁਹਾਡਾ ਅਤੇ ਤੁਸੀਂ ਉਸ ਦੇ, ਤਾਂ ਫਿਰ—"ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ" ।੪।। (੫੧੯)

['ਕਿਉਂ ਕੀਤੋ ਵੇਸਾਹੁ' ਪੁਸਤਕ ਵਿਚੋਂ

---

੩. ਮੁਸਲਮਾਨਾਂ ਦੀ ਸਿੰਘਾਂ ਪ੍ਰਤੀ ਸੋਚ ਦਾ ਇਹ ਦੁਖਾਂਤ ਰਿਹਾ ਹੈ ਕਿ ਸਿੰਘਾਂ ਤੇ ਹਿੰਦੂਆਂ ਦੇ ਧਾਰਮਿਕ ਅੰਤਰ ਨੂੰ ਨਾ ਸਮਝਦੇ ਹੋਏ ਉਨ੍ਹਾਂ ਨੂੰ ਹਿੰਦੂਆਂ ਦਾ ਅੰਗ ਹੀ ਸਮਝਦੇ ਰਹੇ। ਭਾਵੇਂ ਸਿੰਘ ਹਿੰਦੂਆਂ ਵਿਚੋਂ ਹੀ ਬਣੇ ਹਨ, ਇਨ੍ਹਾਂ ਦੀਆਂ ਕਈ ਗੱਲਾਂ ਮੇਲ ਖਾਂਦੀਆਂ ਹਨ, ਰਿਸ਼ਤੇਦਾਰੀਆਂ ਵੀ ਹਨ, ਸਾਂਝ ਹੈ, ਪਿਆਰ ਹੈ, ਜੋ ਹਮੇਸ਼ਾ ਹੀ ਰਹੇਗਾ, ਪਰ ਇਸ ਸਾਰੇ ਦੇ ਬਾਵਜੂਦ ਸਿੰਘਾਂ ਦਾ ਇਕ ਅਡਰੀ ਆਜ਼ਾਦ ਹਸਤੀ ਵਾਲਾ ਧਰਮ ਹੈ। ਇਕ ਆਜ਼ਾਦ ਬ੍ਰਾਦਰੀ ਹੈ, ਜਿਸ ਦਾ ਨਾਂ 'ਖਾਲਸਾ ਪੰਥ' ਹੈ। ਇਸ ਨੂੰ ਹਿੰਦੂਆਂ ਨਾਲ ਮਿਲਗੋਭਾ ਨਹੀਂ ਕੀਤਾ ਜਾ ਸਕਦਾ।

੪. ਅਹਿਦੀਆ, ਮੁਗ਼ਲੀਆ ਸਰਕਾਰ ਦਾ ਉਚ ਕੋਟੀ ਦਾ ਅਧਿਕਾਰੀ, ਜੋ ਜਦ ਆਪਣੇ ਸਰਕਾਰੀ ਕੰਮ ਲਈ ਦੌਰੇ ਉਤੇ ਆਉਂਦਾ ਤਾਂ ਉਸ ਦੀ ਸਵਾਰੀ ਪਾਲਕੀ ਵਿਚ ਹੁੰਦੀ। ਹਰ ਪਿੰਡ ਦੇ ਵਾਸੀ ਆਪਣੀ ਜੂਹ ਤੋਂ ਲੈ ਕੇ ਅਗਲੀ ਹਦ ਤੱਕ, ਜਿਸ ਪਾਸੇ ਉਸ ਜਾਣਾ ਹੋਵੇ, ਉਸ ਦੀ ਪਾਲਕੀ ਮੋਢਿਆਂ ਉਤੇ ਚੁਕ ਕੇ ਲੈ ਜਾਂਦੇ। ਉਸ ਤੋਂ ਅਗਲੇ ਨਾਲ ਲਗਦੇ ਪਿੰਡ ਵਾਲੇ, ਜਿਨ੍ਹਾਂ ਨੂੰ ਪਹਿਲਾਂ ਹੀ ਸੂਚਨਾ ਪੁਜੀ ਹੁੰਦੀ ਸੀ, ਪਾਲਕੀ ਚੁਕਣ ਲਈ ਅਗੋਂ ਹੱਦ ਉਤੇ ਆਏ ਹੁੰਦੇ। ਇਹ ਪਾਲਕੀ ਚੁਕਵਾਈ ਤੇ ਬੇਗਾਰ ਦਾ ਕੰਮ ਹਿੰਦੂਆਂ ਤੋਂ ਲਿਆ ਜਾਂਦਾ ਸੀ।



www.AKJ.Org

# ਸੰਗੀਤ-ਰਸ ਅਤੇ ਕੀਰਤਨ-ਰਸ

ਸੰਗੀਤ ਇਕ ਨਿਰੀ ਗਾਇਨ ਵਿਦਿਆ ਹੈ। ਸੰਗੀਤ-ਰਸ ਅਰਥਾਤ ਗਾਇਨ-ਰਸ ਭਾਵੇਂ ਕਿੰਨਾ ਹੀ ਉੱਚਾ ਹੋਵੇ, ਫੇਰ ਭੀ ਇਕ ਸਰੀਰਕ ਰਸ ਹੀ ਹੈ। ਮੰਨਿਆ ਕਿ ਸਰੀਰ ਦੇ ਸਾਰੇ ਰਸਾਂ ਵਿਚੋਂ ਉੱਚਾ ਰਸ ਹੈ, ਪਰ ਹੈ ਤਾਂ ਸਰੀਰਕ ਵਸ਼ੇਣੀ ਰਸ ਹੀ ਨਾ। ਆਮ ਬਾਜੇ ਗਾਜੇ ਗਨਕਾ ਗਤੱਤਰੀ ਰਸਾਂ ਵਾਲਾ ਸੰਗੀਤ ਰਸ ਸਰੀਰਕ ਵਿਸ਼ਿਆਂ ਵਾਲੇ ਰਸ ਤੋਂ ਉਚੇਰਾ ਨਹੀਂ ਲੈ ਜਾ ਸਕਦਾ ਅਤੇ ਸਥੂਲ ਰਸਾਂ ਤੋਂ ਵੈਰਾਗਮਾਨ ਨਹੀਂ ਕਰਾਉਂਦਾ, ਸਗੋਂ ਵਧੇਰੇ ਖਚਿਤ ਕਰਾਉਂਦਾ ਹੈ, ਜੈਸੇ ਕਿ ਥੀਏਟਰ ਰਸਾਂ ਦੇ ਨਾਟਕੀ ਚੇਟਕੀ ਚੰਗੀ ਤਰ੍ਹਾਂ ਜਾਣੂ ਹਨ। ਸਥੂਲ ਰਸਾਂ ਤੋਂ ਉਚਿਆਂ ਸੱਚੇ ਵਿਸਮਾਦ ਰਸਾਂ ਵਿਚ ਲੈ ਜਾਣ ਵਾਲਾ ਕੇਵਲ ਕੀਰਤਨ-ਅਨੰਦ ਰਸ ਹੈ, ਸੰਗੀਤ ਰਸ ਨਹੀਂ।

ਗੁਰਬਾਣੀ ਦਾ ਕੀਰਤਨ ਵਿਸਮਾਦ ਰੰਗਾਂ ਵਿਚ ਉਡਾਰੀ ਦੇਣ ਨੂੰ ਸਮਰੱਥ ਹੈ। ਸੋ ਹਰਿ-ਕੀਰਤਨ ਨੂੰ ਆਮ ਸੰਗੀਤ ਪਦ ਨਾਲ ਤੁਲਤਾ ਨਹੀਂ ਦਿਤੀ ਜਾ ਸਕਦੀ।

ਸੁੰਦਰਤਾ ਦੇ ਅਚਾਨਕ ਝਲਕਾ ਵੱਜਣ ਤੋਂ, ਅਥਵਾ ਕਿਸੇ ਤਰ੍ਹਾਂ ਸਰੀਰਕ ਰਸਾਂ ਦੇ ਊਰਧ-ਗਾਮੀ ਹੋ ਜਾਣ ਤੋਂ ਯਾ ਸੰਗੀਤ ਆਦਿ ਦੇ ਪ੍ਰਭਾਵ ਤੋਂ ਗੁਰਮਤਿ ਵਿਸਮਾਦ ਰਸ ਨਹੀਂ ਉਪਜਦਾ। ਆਮ ਰਾਗਾਂ ਦਾ ਰਸ ਭਲਾ ਨਹੀਂ।

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥

ਐਸਾ—ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥੨੪॥ [ਸਲੋਕ ਮ: ੪, ਪੰਨਾ ੧੪੨੩

ਸੋ ਐਸਾ ਰਾਗ ਯਾ ਸੰਗੀਤ ਕੇਵਲ ਹਰਿ-ਕੀਰਤਨ ਹੀ ਹੈ। ਸ਼ਬਦ ਅਥਵਾ ਸ਼ਬਦ ਕੀਰਤਨ ਵਾਲੇ ਰਾਗ, ਅਰਥਾਤ ਸ਼ਬਦ ਦੁਆਰਾ ਕੀਤੇ ਰਾਗ ਨਾਦ ਹੀ ਸੋਹਣੇ ਹਨ :—

ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜਿ ਧਿਆਨੁ ॥

ਨਹੀਂ ਤਾਂ—ਰਾਗ ਨਾਦ ਛੋਡਿ ਹਰਿ ਸੇਵੀਐ ਤਾ ਦਰਗਹ ਪਾਈਐ ਮਾਨੁ ॥੨॥(੧)

ਮ: ੩, ਵਾਰ ਬਿਲਾਵਲ, ਪੰਨਾ ੮੪੯

ਪੁਨਾ—ਨ ਭੀਜੈ ਰਾਗੀ ਨਾਦੀ ਬੇਦਿ ॥੨॥(੧) ਮ: ੧, ਪੰਨਾ ੧੨੪੭

ਸੋ ਪੰਚਮ ਪਾਤਸ਼ਾਹ ਜੀ ਨੇ ਗੁਰਬਾਣੀ ਦਾ ਉਚਾਰਨ ਇਲਾਹੀ ਕੀਰਤਨ ਨਾਦ ਦੀ ਧੁਰੋਂ ਬਣੀ-ਬਣਾਈ ਵਿਉਂਤ ਵਿਚ ਕੀਤਾ ਤੇ ਏਸ ਦਾ ਉਚਾਰਨ ਓਦੋਂ ਹੋਇਆ ਜਦ ਕਿ ਬਾਣੀ ਹੁਕਮ ਏਜ਼ਦੀ (ਅਕਾਲੀ) ਅੰਦਰ ਧੁਰੋਂ ਆਈ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ ਪੁਸਤਕ 'ਗੁਰਮਤਿ ਲੇਖ' ਵਿਚੋਂ

# ਦੋ ਰੁਬਾਈਆਂ

ਭਰ ਲੈ ਜਾਮ ਸੁਰਾਹੀ ਵਿਚੋਂ, ਕਿਹੜੀ ਗੱਲੋਂ ਝਕੇਂ ਤੂੰ।
ਨਾਮ ਮਹਾਂ ਰਸ ਪ੍ਰੇਮ-ਪਿਆਲਾ, ਪੀਂਦਿਆਂ ਕਾਹਨੂੰ ਅਕੇਂ ਤੂੰ।
ਪੀਂਦਾ ਰਹੁ ਜੇ ਪਤਾ ਨਾ ਲਗੇ, ਕਿਥੋਂ ਆਇਆ ਹੈਂ ਇਸ ਜਾ;
ਕਿਥੇ ਜਾਣਾ ਹੈ ਤੂੰ ਮੁੜ ਕੇ, ਇਹ ਗੱਲ ਸੋਚ ਨਾ ਸਕੇਂ ਤੂੰ।੧।

ਅੱਖਾਂ ਖੋਲ੍ਹ ਤੁਰੀਂ ਵਿਚ ਜਗ ਦੇ, ਵੇਲਾ ਵਕਤ ਪਛਾਣ ਲਈਂ।
ਭੇਡ ਸ਼ੇਰ ਨਾ ਸ਼ਕਲੋਂ ਵੇਖੀਂ, ਖ਼ਸਲਤ ਵੇਖ ਸਿਆਣ ਲਈਂ।
ਭਲਿਆਂ ਨਾਲ ਪਵੇ ਜੇ ਤੁਰਨਾ, ਸੋ ਕੰਮ ਛੋੜ ਤੁਰੀਂ ਤੂੰ ਹੱਸ;
ਦੂਤਾਂ, ਦੋਖਾਂ, ਦੁਸ਼ਟਾਂ ਤੱਕ ਕੇ, ਮੂੰਹ ਤੇ ਚਾਦਰ ਤਾਣ ਲਈਂ।੨।

[ਹਵਾਲਦਾਰ ਸੋਹਣ ਸਿੰਘ ਅਟਵਾਲ ਬੇਲਾ ਰਾਮਗੜ੍ਹ ਰਾਹੀਂ ਪ੍ਰਾਪਤ



www.AKJ.Org

# ਮੁਖ ਮੰਤ੍ਰੀ ਪੰਜਾਬ ਦੇ ਨਾਂ ਖ਼ੱਤ

ਪਿਆਰੇ ਸ: ਸੁਰਜੀਤ ਸਿੰਘ ਬਰਨਾਲਾ ਜੀ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹ॥

ਮੇਰਾ ਵਿਸ਼ਵਾਸ ਹੈ ਕਿ ੭ ਦਸੰਬਰ ੧੯੮੫ ਦੇ 'ਮਿਲਾਪ' ਅਖਬਾਰ ਦਿਲੀ ਦਾ 'ਪ੍ਰਕਾਸ਼' ਦਾ ਲਿਖਿਆ ਸੰਪਾਦਕੀ ਲੇਖ 'ਰਾਜ ਕਰੇਗਾ ਖਾਲਸਾ' ਆਪ ਜੀ ਨੇ ਪੜ੍ਹਿਆ ਹੋਵੇਗਾ। ਸੰਪਾਦਕ ਨੇ ਜਿਸ ਕਰੂਪ, ਭੜਕਾਊ ਤੇ ਜ਼ਹਿਰੀਲੀ ਬੋਲੀ ਵਿਚ 'ਰਾਜ ਕਰੇਗਾ ਖਾਲਸਾ' ਦੀ ਆਵਾਜ਼ ਨੂੰ ਬੇਹੂਦਾ, ਬਕਵਾਸ ਤੇ ਮਾਨਵ-ਵਿਰੋਧੀ ਕਹਿ ਕੇ, ਜਿਵੇਂ ਸਮੁਚੇ ਖਾਲਸਾ ਪੰਥ ਨੂੰ ਦੇਸ਼ ਦੇ ਦੁਸ਼ਮਣ ਤੇ ਗ਼ੱਦਾਰ ਆਖਿਆ ਹੈ, ਇਹ ਖ਼ਾਲਸਾ ਕੌਮ ਵਾਸਤੇ ਇਕ ਵੰਗਾਰ ਹੈ।

'ਰਾਜ ਕਰੇਗਾ ਖਾਲਸਾ' ਪੜ੍ਹਨ ਵਾਲੇ ਸਿਖਾਂ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਦੁਸ਼ਮਣ ਮਿਥ ਕੇ, ਸਾਰੇ ਭਾਰਤ-ਵਾਸੀਆਂ ਨੂੰ ਭੜਕਾਣਾ, ਕਿ ਇਨ੍ਹਾਂ ਨੂੰ ਤੋਪਾਂ, ਗੋਲੀਆਂ ਤੇ ਬੰਬਾਂ ਨਾਲ ਭੁੰਨ ਦਿਉ, ਇਨ੍ਹਾਂ ਦੇ ਸਿਰ ਕਲਮ ਕਰ ਦਿਉ ਤੇ ਜ਼ਬਾਨ ਵਢ ਦਿਉ। ਅਖੀਰ ਸਿੱਖਾਂ ਨੂੰ ਨਾ-ਬਖਸ਼ੇ ਜਾਣ ਦੀ ਉਕਸਾਹਟ ਦੇ ਕੇ, ਇਹ ਕਹਿਣਾ, ਕਿ ਇਹ ਗ਼ੱਦਾਰ ਸਿੱਖ ਪਿਛਲੇ ਕਾਫ਼ੀ ਸਮੇਂ ਤੋਂ 'ਰਾਜ ਕਰੇਗਾ ਖਾਲਸ਼ਾ' ਪੜ੍ਹ ਕੇ ਦੇਸ਼ ਨੂੰ ਵੰਗਾਰ ਰਹੇ ਹਨ ਤੇ ਹੁਣ ਸਮਾਂ ਆ ਗਿਆ ਹੈ ਕਿ ਇਨ੍ਹਾਂ ਉਤੇ ਜ਼ੁਲਮ ਕਰੋ, ਕਿ ਇਹ ਭਾਰਤ ਛੋੜ ਜਾਣ।

'ਮਿਲਾਪ' ਦੇ ਸੰਪਾਦਕ ਦਾ ਇਹ ਕਹਿਣਾ ਵੀ, ਜੇ ਗ਼ੱਦਾਰ ਸਿੱਖਾਂ ਨੇ 'ਰਾਜ ਕਰੇਗਾ ਖ਼ਾਲਸਾ' ਦੀ ਬੇਹੂਦਾ ਬਕਵਾਸ ਕਰਨੀ ਹੈ, ਇਹ ਵਾਹਗੇ ਤੋਂ ਪਾਰ ਅਰਥਾਤ ਪਾਕਿਸਤਾਨ ਵਿਚ ਜਾ ਕੇ ਕਰਨ। ਨਾਲ ਹੀ ਜਨਰਲ ਜ਼ਿਆ ਨੂੰ ਅਪੀਲ ਕੀਤੀ ਹੈ ਕਿ ਸਿਖਾਂ ਦੀ ਚਮੜੀ ਉਧੇੜ ਦੇ–ਜੇ ਇਹ 'ਰਾਜ ਕਰੇਗਾ ਖਾਲਸਾ' ਦੀ ਆਵਾਜ਼ ਬੰਦ ਨਾ ਕਰਨ। ਸਿੱਖਾਂ ਦੀ ਦੇਸ਼ ਭਗਤੀ ਉਤੇ ਇਹ ਕੇਵਲ ਸ਼ੱਕ ਕਰਨਾ ਹੀ ਨਹੀਂ, ਸਗੋਂ ਕੌਮੀ ਪ੍ਰਾਪਤੀਆਂ ਨੂੰ ਕਲੰਕਤ ਕਰਨਾ ਵੀ ਹੈ।

ਬਰਨਾਲਾ ਜੀ ! ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਲਿਖੋ ਕਿ ਦੇਸ਼ ਦੀ ਏਕਤਾ ਖੰਡ ਖੰਡ ਕਰਨ ਵਾਲੇ ਵੱਡੇ ਦੁਸ਼ਮਣ, ਵੱਡੇ ਗ਼ੱਦਾਰ ਮਿਲਾਪ ਦੇ ਸੰਪਾਦਕ 'ਪ੍ਰਕਾਸ਼' ਨੂੰ ਜੇਲ੍ਹ ਦੀਆਂ ਸੀਖਾਂ ਚਿ ਬੰਦ ਕਰੋ।

'ਸਿਖ ਸੰਦੇਸ਼' ਜਨਵਰੀ ੮੬ —ਜਸਵੰਤ ਸਿੰਘ ਕੋਛੜ

---

# ਦੋ ਗੁਰਮੁਖ ਰੂਹਾਂ ਦੇ ਵਿਛੋੜੇ

(੧) ਗੁਰਮੁਖ ਪਿਆਰੇ ਹਰੀ ਸਿੰਘ ਜੀ ਸ਼ੇਰਗਿਲ, ਜੋ ਬੰਬਈ ਵਿਚ ਨਿਵਾਸ ਰਖਦੇ ਸਨ, ੧-੧-੮੬ ਨੂੰ ਅਕਾਲ ਚਲਾਣਾ ਕਰ ਗਏ ਹਨ। ਆਪ ਜੀ ਅੰਗਰੇਜ਼ੀ ਲਿਖਤ ਵਿਚ ਚੰਗੇ ਮਾਹਰ ਸਨ ਅਤੇ ਗੁਰਸਿਖੀ ਬਾਰੇ ਕਈ ਆਰਟੀਕਲ ਅੰਗਰੇਜ਼ੀ ਅਖਬਾਰਾਂ ਵਿਚ ਛਪਦੇ ਰਹਿੰਦੇ ਸਨ। ਆਪ ਜੀ ਕੁਝ ਸਮਾਂ ਸ਼੍ਰੋਮਣੀ ਕਮੇਟੀ ਵਿਚ ਵੀ ਜ਼ਿਮੇਵਾਰ ਪੋਸਟ ਤੇ ਰਹੇ, ਪਰ ਛੇਤੀ ਹੀ ਇਥੋਂ ਉਪਰਾਮ ਹੋ ਅਸਤੀਫ਼ਾ ਦੇ ਕੇ ਬੰਬੇ ਜਾ ਟਿਕੇ। ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

(੨) ਸੂਬੇਦਾਰ ਜਗਜੀਤ ਸਿੰਘ ਜੀ ਫ਼ੌਜੀ ਸਰਵਿਸ ਤੋਂ ਰੀਟਾਇਰ ਹੋ ਕੇ ਜਲੰਧਰ ਵਿਚ ਮਿੰਟਗੁਮਰੀ ਗਰਲਜ਼ ਹਾਇਰ ਸੈਕੰਡਰੀ ਸਕੂਲ ਵਿਚ ਅਕਾਊਂਟੈਂਟ ਲਗੇ ਰਹੇ ਹਨ। ਆਪ ਜੀ ਬੜੇ ਨਿਘੇ ਸੁਭਾ ਦੇ ਮਿਠਬੋਲੜੇ ਗੁਰਮੁਖ ਸਨ। ਕੀਰਤਨ ਸਮਾਗਮਾਂ ਵਿਚ ਆਪ ਜੀ ਜੋੜੀ ਦੀ ਸੇਵਾ ਬੜੇ ਉਮਾਹ ਵਿਚ ਕਰਦੇ ਹੁੰਦੇ ਸਨ। ਅਜੇ ਆਪ ਦੇ ਸਿਰ ਤੇ ਬੜੀਆਂ ਪਰਵਾਰਕ ਜ਼ਿਮੇਵਾਰੀਆਂ ਸਨ ਕਿ ਅਚਿੰਤੇ ਹੀ ਧੁਰ ਦੇ ਸਦੇ ਆ ਗਏ। ਅਕਾਲ ਪੁਰਖ ਦੇ ਚਰਨਾਂ ਵਿਚ ਜੋਦੜੀ ਹੈ ਕਿ ਇਸ ਉਤਮ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਰਵਾਰ ਦੀ ਜ਼ਿਮੇਵਾਰੀ ਨਿਭਾਉਣ ਤੇ ਸੇਵਾ-ਸੰਭਾਲ ਵਿਚ ਆਪ ਸਹਾਈ ਹੋਣ।



www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਸ੍ਰੀ ਅੰਮ੍ਰਿਤਸਰ, ਕਾਨ੍ਹਪੁਰ, ਦਿਲੀ, ਪੰਜਾਬ ਅਤੇ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਸਿਖਾਂ ਦੇ ਕਤਲੇ-ਆਮ ਵਿਚ ਅਨਗਿਣਤ ਵਿਧਵਾਵਾਂ ਹੋਈਆਂ, ਹਜ਼ਾਰਾਂ ਬੱਚੇ ਯਤੀਮ ਹੋਏ, ਅਖੰਡ ਕੀਰਤਨੀ ਜਥੇ ਦੇ ਵੀ ਕਈ ਪਰਵਾਰ ਤਬਾਹ ਤੇ ਬਰਬਾਰ ਹੋਏ ਅਤੇ ਕਈ ਗੁਰੂ ਕੇ ਲਾਲ ਸਨਮੁਖ ਜੂਝ ਕੇ ਸ਼ਹੀਦੀਆਂ ਪਾ ਗਏ। ਇਨ੍ਹਾਂ ਦੁਖੀ ਤੇ ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਬੇਅੰਤ ਮਾਇਆ ਭੇਜ ਰਹੀਆਂ ਹਨ। ਐਤਕੀ ਹੇਠ ਲਿਖੇ ਅਨੁਸਾਰ ਮਾਇਆ ਪੁਜੀ ਹੈ—

| | | | |
|---|---|---|---|
| ਭਾਈ ਸੁਰਿੰਦਰ ਸਿੰਘ ਖਾਲਸਾ ਪੱਟੀ | ੫੧-੦.੦ | ਸੂਬੇਦਾਰ ਪਿਆਰਾ ਸਿੰਘ, ਭਕੂ ਮਾਜਰਾ (ਰੋਪੜ) | ੩੦੦-੦੦ |
| ਅਖੰਡ ਕੀਰਤਨੀ ਜਥਾ, ਜੈਪੁਰ | ੧੧੦੦-੦੦ | ਸ: ਰੇਸ਼ਮ ਸਿੰਘ, ਬੁਲ੍ਹੋਵਾਲ (ਹੁਸ਼ਿਆਰਪੁਰ) | ੩੦੦-੦੦ |
| ਸੰਗਤ ਦੋਹਾ ਕਤਰ ਯੂ. ਏ. ਈ. | ੧੦੦੦-੦੦ | ਸ: ਤੇਜਿੰਦਰ ਸਿੰਘ, ਫਤਹਗੜ੍ਹ ਕੋਰੋਟਾਨਾ | ੧੦-੦੦ |
| ਕੈਪਟਿਨ ਆਰ. ਐਸ. ਚਹਿਲ, ਪੂਨਾ | ੫੦੦-੦੦ | ਸ: ਉਜਾਗਰ ਸਿੰਘ, ਬਿਲਗਾ (ਗੁਰੂ ਕੀ ਗੋਲਕ) | ੫੦੦-੦੦ |
| ਬੀਬੀ ਪ੍ਰੀਤਮ ਕੌਰ ਵਾਲਵਰ ਹੈਂਪਟਨ ਯੂ. ਕੇ. | ੧੩੦-੯੬ | ਗੁਪਤ, ਲੁਧਿਆਣਾ | ੧੦੦-੦੦ |
| ਸ: ਸਤਵੰਤ ਸਿੰਘ ਰੀ: ਤਸੀਲਦਾਰ, ਜੋਧਪੁਰ | ੧੦੧-੦੦ | ਸ: ਅਮਰ ਸਿੰਘ, ਕਟੜਾ ਚੁਹਾਰਮ | ੨੦੦-੦੦ |
| ਸ: ਨਿਰਭੈ ਸਿੰਘ, ਸੁਲਤਾਨਪੁਰ (ਲੁਧਿਆਣਾ) | ੧੦੦-੦੦ | ਗੁਪਤ, ਜੰਮੂ | ੧੦੦-੦੦ |
| ਭਾ: ਤ੍ਰਿਲੋਚਨ ਸਿੰਘ ਖਾਲਸਾ, ਦੁਮੰਡਾ (ਜਲੰਧਰ) | ੧੦੧-੦੦ | ਭਾਈ ਹਰਬੰਸ ਸਿੰਘ, ਪਿੰਡ ਹਮੀਰਗੜ੍ਹ | ੧੦੦-੦੦ |
| ਸ: ਮਖਣ ਸਿੰਘ ਜੋਗਾ ਸਿੰਘ ਗ੍ਰੇਵਜ਼ੈਂਡ ਯੂ. ਕੇ. | ੩੫੦-੦੦ | ਭਾ: ਸਰਦਾਰ ਸਿੰਘ, ਅੰਮ੍ਰਿਤਸਰ ਦੀ ਯਾਦ ਵਿਚ | ੧੦੦-੦੦ |
| ਸ: ਨਿਰਮਲ ਸਿੰਘ, ਗ੍ਰੇਵਜ਼ੈਂਡ, ਯੂ. ਕੇ. | ੧੦੦-੦੦ | ਭਾ: ਦੀਪਿੰਦਰ ਸਿੰਘ c/o ਭਾ: ਜੋਗਾ ਸਿੰਘ | |
| W.o. ਸ: ਕੁਲਦੀਪ ਸਿੰਘ ਮਤਵਾਲਾ | | ਵੈਸਟ ਬ੍ਰਾਮਵਿਚ ਵੈਸਟ ਮਿਡਲੈਂਡ ਯੂ.ਕੇ. | ੬੪੦-੧੦ |
| 5 FBUS (A.F.) | ੫੧-੦੦ | ਸੰਗਤ, Frankfurt, ਵੈਸਟ ਜਰਮਨੀ | ੧੧੨੪-੫੦ |
| ਸਿਖ ਸੰਗਤ ਪੂਨਾ c/o ਕੈਪਟਿਨ ਪ੍ਰਦੁਮਨ ਸਿੰਘ | ੧੮੦੦-੦੦ | ਸੰਗਤ, Hamburg, ਵੈਸਟ ਜਰਮਨੀ | ੧੮੩੩-੮੦ |
| ਫ਼ਲਾਈਂਗ ਅਫ਼ਸਰ ਗੁਰਦਿਆਲ ਸਿੰਘ | ੧੦੦-੦੦ | ਭਾਈ ਕੁਲਦੀਪ ਸਿੰਘ ਨੇਵੀ, ਬੰਬਈ | ੧੦੦-੦੦ |
| ਗੁਪਤ ... ... ... | ੫੦-੦੦ | ਗੁਪਤ C/o ਤਲਵਾੜਾ ਜੀ | ੨੨੦-੦੦ |
| ਗੁਪਤ ... ... ... | ੧੦੦-੦੦ | ਸ: ਗੁਰਨੇਕ ਸਿੰਘ, ਕੋਵੈਨਟਰੀ, ਯੂ. ਕੇ. | ੩੩੦-੦੦ |
| ਸ: ਪ੍ਰੀਤਮ ਸਿੰਘ ਲੁਧਿਆਣਾ ਦੀ ਯਾਦ ਵਿਚ | ੧੧-੦੦ | ਬੀਬੀ ਸੁਰਿੰਦਰ ਕੌਰ, ਸਲੋਅ ਯੂ. ਕੇ. | ੮੨-੫੦ |
| ਸ:ਮਹਿੰਦਰ ਸਿੰਘ ਪ੍ਰਧਾਨ ਗੁਰਦਵਾਰਾ ਸਾਹਿਬ } | ੫੨੫੦-੦੦ | ਭਾ:ਇੰਦਰਜੀਤ ਸਿੰਘ ਅੰਮ੍ਰਿਤਸਰ(ਸਮਾਗਮ ਚੜ੍ਹਾਵਾ) | ੧੬੦-੦ |
| El, Sharavi Co. Alain U.A.E. } | ੫੨੫੦-੦੦ | ਸ: ਚਰਨਜੀਤ ਸਿੰਘ ਪਟਨਾ ਸਾਹਿਬ ਵਾਲੇ, ਲੁਧਿ: | ੫੧੦੦-੦ |
| ਸੂਬੇਦਾਰ ਮੇਜਰ ਸਰਵਨ ਸਿੰਘ, ਜੰਗਪੁਰ | ੨੭੦-੦੦ | ਅਖੰਡ ਕੀਰਤਨੀ ਜਥਾ ਯੂ.ਕੇ.c/o ਭਾ: ਜੋਗਾ } | ੧੦੦੩-੨੦ |
| ਗੁਪਤ, ਮੁਹਾਲੀ | ੨੦੦-੦੦ | ਸਿੰਘ ਵੈਸਟ ਬ੍ਰਾਮਵਿਚ ਯੂ.ਕੇ. } | ੧੬੭੨-੦੦ |
| ਸੂਬੇਦਾਰ ਰਾਮ ਸਿੰਘ, ਸਰਾਭਾ | ੧੦੧-੦੦ | ਭਾਈ ਅਮਰੀਕ ਸਿੰਘ ਜੀ ਬਰਮਿੰਘਮ ਦੇ ਅਕਾਲ | |
| ਭਾਈ ਕਿਰਪਾਲਸਿੰਘ,ਮਲੂ ਮਾਜਰਾ (ਲੁਧਿਆਣਾ) | ੫੦-੦੦ | ਚਲਾਣੇ ਦੇ ਪਾਠ ਦੀ ਮਾਇਆ | ੧੦੦੩-੨੦ |
| ਸੂਬੇਦਾਰ ਬਲਦੇਵ ਸਿੰਘ, ਮੋਹਨਪੁਰ (ਖੰਨਾ) | ੫੦-੦੦ | ਬੀ:ਗੁਰਚਰਨ ਕੌਰ ਦਾਦੂਪੁਰ (ਸਮਾਗਮ ਸਮੇਂ) | ੭੫-੦੦ |

## ਪੀੜਤ ਪਰਵਾਰਾਂ ਨੂੰ ਸਹਾਇਤਾ

ਇਹ ਸਹਾਇਤਾ ਅਖੰਡ ਕੀਰਤਨੀ ਜਥੇ ਦੇ ਪੀੜਤ ਪਰਵਾਰਾਂ ਦੇ ਨਾਲ ਨਾਲ ਹੋਰ ਗੁਰਸਿਖ ਪੀੜਤ ਪਰਵਾਰਾਂ ਨੂੰ ਵੀ ਲੋੜ ਤੇ ਯੋਗਤਾ ਅਨੁਸਾਰ ਦਿਤੀ ਜਾਂਦੀ ਹੈ। ਹੇਠ ਲਿਖੇ ਪਰਵਾਰਾਂ ਨੂੰ ਸਹਾਇਤਾ ਦਿਤੀ ਗਈ :—

| | | | |
|---|---|---|---|
| ਭਾਈ ਕੁਲਵੰਤ ਸਿੰਘ ਜੀ ਸ਼ਹੀਦ ਰੋਪੜ ਦੇ ਪਿਤਾ | | ਬੀਬੀ ਮਨਜੀਤ ਕੌਰ ਬਠਿੰਡਾ | ੫੦੦੦-੦੦ |
| ਭਾਈ ਪਾਲ ਸਿੰਘ ਨੂੰ | ੧੦੦੦੦-੦੦ | ਬੀਬੀ ਮਨਜੀਤ ਕੌਰ ਕਪੂਰਥਲਾ | ੫੦੦੦-੦੦ |
| ਬੀ: ਦਲਜੀਤ ਕੌਰ ਬਸੀ ਪਠਾਣਾਂ | ੫੦੦੦-੦੦ | ਬੀਬੀ ਕੁਲਦੀਪ ਕੌਰ ਅੰਮ੍ਰਿਤਸਰ | ੨੦੦੦-੦੦ |

ਬੱਚਿਆਂ ਆਦਿ ਦੀ ਪੜ੍ਹਾਈ ਲਈ—

| | | | |
|---|---|---|---|
| ਬੀਬੀ ਸੁਖਵੰਤ ਕੌਰ ਪੱਟੀ | ੨੦੦੦-੦੦ | ਬੀਬੀ ਗੁਰਮੀਤ ਕੌਰ, ਅੰਮ੍ਰਿਤਸਰ | ੨੦੦੦-੦੦ |

## ਪੀੜਤ ਪਰਵਾਰਾਂ ਦੀ ਦੇਖ ਭਾਲ

ਅਖੰਡ ਕੀਰਤਨੀ ਜਥੇ ਦੇ ਪੀੜਤ ਪਰਵਾਰਾਂ ਦੀ ਦੇਖ ਭਾਲ ਸਾਡੀ ਸਾਂਝੀ ਜ਼ਿਮੇਵਾਰੀ ਹੈ। ਅਜਿਹੇ ਪਰਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਅਤੇ ਬੱਚਿਆਂ ਦੇ ਅਨੰਦ ਕਾਰਜ ਵਿਸ਼ੇਸ਼ ਧਿਆਨ ਦੇ ਮੁਥਾਜ ਹਨ। ਇਸ ਜ਼ਿਮੇਵਾਰੀ ਦੇ ਅਹਿਸਾਸ ਵਜੋਂ ਜਥੇ ਵਲੋਂ ਹਰ ਮੁਮਕਿਨ ਕੋਸ਼ਿਸ਼ ਕੀਤੀ ਜਾਵੇਗੀ ਕਿ ਅਜਿਹੇ ਬੱਚਿਆਂ ਬੱਚੀਆਂ ਦੀ ਪੜ੍ਹਾਈ ਤੇ ਅਨੰਦ ਕਾਰਜ ਲਈ ਹਰ ਪਰਵਾਰ ਦੀ ਹਾਲਤ ਮੁਤਾਬਕ ਯੋਗ ਸਹਾਇਤਾ ਕੀਤੀ ਜਾਵੇ। ਇਸ ਸੰਬੰਧੀ ਸੂਚਨਾ ਜਥੇ ਦੇ ਕੇਂਦਰੀ ਦਫਤਰ ਨੂੰ ਪੂਰੇ ਵੇਰਵਿਆਂ ਸਹਿਤ ਭੇਜੀ ਜਾਵੇ ਜੀ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ)

ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org

## ਬੰਗਲਾ ਸਾਹਿਬ, ਬਲੋਲਪੁਰ (ਗੁਰਦਾਸਪੁਰ) ਵਿਖੇ ਸ੍ਰੀ ਅਖੰਡ ਪਾਠ, ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸੰਚਾਰ ੧੩ ਤੋਂ ੧੬ ਮਾਰਚ ਸਵੇਰ ਤਕ–ਪ੍ਰੋਗਰਾਮ ਆਉਂਦੇ ਪਰਚੇ ਵਿਚ

## ਭਾਈ ਅਵਤਾਰ ਸਿੰਘ ਜੀ ਸ਼ਹੀਦ ਦੀ ਯਾਦ ਵਿਚ ਸ੍ਰੀ ਅਖੰਡ ਪਾਠ ਤੇ ਰੈਣ ਸਬਾਈ ਕੀਰਤਨ ਕੁਰਾਲਾ (ਹੁਸ਼ਿਆਰਪੁਰ) ਵਿਖੇ ੬ ਤੋਂ ੯ ਮਾਰਚ ਐਤਵਾਰ ਸਵੇਰ ਤਕ–ਪ੍ਰੋਗਰਾਮ ਆਉਂਦੇ ਸੂਰਾ ਵਿਚ

## ਕੈਲੇਫ਼ੋਰਨੀਆ (ਅਮਰੀਕਾ) ਵਿਖੇ ਗੁਰਸਿਖੀ ਦੀ ਲਹਿਰ ਬਹਿਰ

ਭਾਈ ਰਾਜਿੰਦਰ ਸਿੰਘ ਜੀ ਸਨਫ਼ਰਾਂਸਿਸਕੋ ਤੋਂ ਸੂਚਨਾ ਭੇਜਦੇ ਹਨ ਕਿ ਸੈਨਰੋਜ਼ੇ (ਕੈਲੇਫ਼ੋਰਨੀਆ) ਵਿਖੇ ਦਿਲੀ ਅਤੇ ਪੰਜਾਬ ਤੋਂ ਪੁਜੇ ਤੇ ਲੋਕਲ ਗੁਰਸਿਖ ਕੀਰਤਨੀਆਂ ਨੇ ਭਾਈ ਗੁਰਮੇਲ ਸਿੰਘ ਦੇ ਗ੍ਰਿਹਿ ਵਿਖੇ ਕੀਰਤਨ ਦੇ ਐਸੇ ਰੰਗ-ਰਤੜੇ ਪਰਵਾਹ ਚਲਾਏ ਕਿ ਉਥੇ ਸਜਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ਕਈ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣ ਗਏ। ਸਤਿਗੁਰੂ ਗੁਰਸਿਖਾਂ ਨੂੰ ਗੁਰਸਿਖੀ ਦੀ ਵਧ ਚੜ੍ਹ ਕੇ ਸੇਵਾ ਕਰਨ ਦੇ ਉਤਸ਼ਾਹ ਬਖਸ਼ਣ। ਅਤੇ ਗੁਰਸਿਖੀ ਨੂੰ ਪਰਫੁਲਤ ਕਰਨ।

## ਭਾਈ ਸੁਬੇਗ ਸਿੰਘ ਮੰਨਣ ਵਾਲਿਆਂ ਦਾ ਆਸਟ੍ਰੇਲੀਆ ਵਿਚ ਨਵਾਂ ਐਡਰੈਸ–

16-The River Rd. REVESBY N.S.W., Sydney, Australia, Code 1-2212

## ਰਿਸ਼ਤੇ ਨਾਤੇ

(੧) ਚਿਠੀ ਪੱਤਰ ਇਸ ਪਤੇ ਤੇ ਲਿਖੋ : ਫ਼ਾਰਮ ਨੰਬਰ......c/o ਸੂਰਾ, ਮਾਈ ਸੇਵਾਂ, ਅੰਮ੍ਰਿਤਸਰ।
(੨) ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਹੀ ਚਿਠੀ ਪੱਤਰ ਕਰੋ ਜੀ।
(੩) ਰਿਸ਼ਤੇ ਨਾਤੇ ਦੇ ਫ਼ਾਰਮ ਸੂਰਾ ਮਾਸਕ ਪੱਤਰ ਅੰਮ੍ਰਿਤਸਰ ਤੋਂ ਵਾਪਸੀ ਲਈ ਲਫ਼ਾਫ਼ਾ ਭੇਜ ਕੇ ਮੁਫ਼ਤ ਮੰਗਾਓ।

ਫ਼ਾਰਮ ਨੰ: ੨੬੧-ਇਕ ੨੪ ਸਾਲਾ, ਕੱਦ ੫'-੬", ਹਾਇਰ ਸੈਕੰਡਰੀ, ਪੋਸਟ ਮਕੈਨਿਕ ਫੌਜੀ ਸਿੰਘ, ਨਿਤਨੇਮੀ ਲਈ ਘਟੋ ਘਟ ਮਿਡਲ ਪਾਸ ਨਿਤਨੇਮੀ ਤੇ ਕੀਰਤਨੀ ਬੀਬੀ ਦੀ ਲੋੜ ਹੈ।

ਫ਼ਾਰਮ ਨੰ: ੨੬੨-ਇਕ ੨੯ ਸਾਲਾ ਨਿਤਨੇਮੀ ਬੀਬੀ, ਕੱਦ ੫'-੩", ਹਾਇਰ ਸੈਕੰਡਰੀ ਤੇ c.p. Ed. ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੨੬੩-ਇਕ ੨੨ ਸਾਲਾ ਬੀ.ਏ., ਬੀ ਐਡ., ਐਮ.ਏ. ਪੜ੍ਹਦੀ, ਕੱਦ ੫ ਫੁਟ ਸਾਢੇ ਪੰਜ ਇੰਚ ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੨੬੪-ਇਕ ੨੮ ਸਾਲਾ ਸਿੰਘ, ਕੱਦ ੫'-੯", ਅੰਡਰ ਮੈਟਰਿਕ, ਪੁਸਤਕਾਂ ਦੀ ਦੁਕਾਨ, ਮਾਸਿਕ ਆਮਦਨ ੧੫੦੦/- ਲਈ ਯੋਗ ਬੀਬੀ ਦੀ ਲੋੜ ਹੈ।

ਫ਼ਾਰਮ ਨੰ: ੨੬੫-ਇਕ ੨੮ ਸਾਲਾ ਬੀਬੀ, ਕੱਦ ੫'-੧" ਐਮ. ਏ. (ਫ਼ਾਈਨ ਆਰਟ ਤੇ ਪੰਜਾਬੀ), ਬੀ. ਐਡ, ਐਮ. ਏ. ਹਿੰਦੀ ਫ਼ਾਈਨਲ ਵਿਚ, ਨਿਤਨੇਮੀ ਲਈ ਗੁਰਮੁਖ ਪ੍ਰੀਵਾਰ ਵਿਚੋਂ ਪੜ੍ਹੇ ਲਿਖੇ ਵਰ ਦੀ ਲੋੜ ਹੈ।

ਫ਼ਾਰਮ ਨੰ: ੨੬੬-ਇਕ ੨੬ ਸਾਲਾ ਸਿੰਘ, ਕੱਦ ੫'-੮", ਬੀ. ਕਾਮ., ਅਕਾਉਂਟੈਂਟ, ਮਾਸਕ ਆਮਦਨ ੧੪੦੦/- ਲਈ ਯੂ. ਕੇ. ਕੈਨੇਡਾ ਆਦਿ ਵਿਚੋਂ ਯੋਗ ਬੀਬੀ ਦੀ ਲੋੜ ਹੈ।

ਫ਼ਾਰਮ ਨੰ: ੨੬੭-ਇਕ ੨੪ ਸਾਲਾ, ਸੈਕੰਡ ਯੀਅਰ ਪਾਸ, ਕਲਰਕ, ਮਾਸਿਕ ਤਨਖਾਹ ੯੫੦/- ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੨੬੮-ਇਕ ੨੫ ਸਾਲਾ ਸਿੰਘ, ਕੱਦ ੫'-੭", ਬੀ. ਐਸ-ਸੀ. ਐਗਰੀ, ਬੈਂਕ ਸਰਵਿਸ, ਮਾਸਿਕ ੨੨੦੦/- ਲਈ ਗ੍ਰੈਜੂਏਟ ਦਸਤਾਰ-ਧਾਰੀ ਬੀਬੀ ਦੀ ਲੋੜ ਹੈ।

ਫ਼ਾਰਮ ਨੰ: ੨੬੯-ਇਕ ੨੫ ਸਾਲਾ ਬੀਬੀ, ਕੱਦ ੫'-੩", ਬੀ. ਐਸ-ਸੀ. ਮਿਊਜ਼ਿਕ ਦੋ ਸਾਲਾ ਕੋਰਸ। ਬੈਂਕ ਸਰਵਿਸ, ਮਾਸਿਕ ੧੫੦੦/- ਲਈ ਚੰਗੀ ਨੌਕਰੀ ਵਾਲੇ ਵਰ ਦੀ ਲੋੜ ਹੈ।

ਫ਼ਾਰਮ ਨੰ: ੨੭੦-ਇਕ ੨੪ ਸਾਲਾ ਬੀਬੀ, ਕੱਦ ੫'-੬", ਬੀ. ਏ., ਬੀ. ਐਡ. ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੨੭੧-ਇਕ ੨੭ ਸਾਲਾ ਸਿੰਘ, ਕੱਦ ੫' ੧੦", ਬੀ. ਏ. II ਯੀਅਰ ਗਿਆਨੀ, ਜੇ. ਬੀ. ਟੀ., ਪੰਜਾਬੀ ਟੀਚਰ ਲਈ ਸਰਕਾਰੀ ਸਰਵਿਸ ਵਿਚ ਜਾਂ ਪੜ੍ਹੀ ਲਿਖੀ ਬੀਬੀ ਦੀ ਲੋੜ ਹੈ।

ਫ਼ਾਰਮ ਨੰ: ੨੭੨-ਇਸ ੨੪ ਸਾਲਾ ਰੰਘਰੇਟਾ ਗੁਰਸਿਖ, ਕੱਦ '੫-੫", ਵਿਦਿਆ ਹਾਇਰ ਸੈਕੰਡਰੀ, ਸਰਵਿਸ ਬਿਜਲੀ ਮਹਿਕਮੇ ਵਿਚ, ਤਨਖਾਹ ੧੧੦੦/- ਨਿਤਨੇਮੀ ਲਈ ਯੋਗ ਬੀਬੀ ਦੀ ਲੋੜ ਹੈ।

www.AKJ.Org

# ਗੁਃ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਸਾਲਾਨਾ ਕੀਰਤਨ ਸਮਾਗਮ

## ਸ਼ੁਕਰਵਾਰ ੨੧ ਫ਼ਰਵਰੀ ਸਵੇਰ ਤੋਂ ੨੪ ਫ਼ਰਵਰੀ ੧੯੮੬ ਸੋਮਵਾਰ ਸਵੇਰ ਤਕ

ਹਰ ਸਾਲ ਵਾਂਗ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਸਮੂਹ ਅਖੰਡ ਕੀਰਤਨੀ ਜਥੇ ਪੁਜ ਕੇ ਕੀਰਤਨ ਵਿਚ ਜੁੜਨਗੇ। ਪਰਵਾਰਾਂ ਸਹਿਤ ਆਇ ਦੀਦਾਰ ਬਖਸ਼ੋ ਜੀ। ਪ੍ਰੋਗਰਾਮ ਇੰਜ ਹੈ—

੨੦-੨-੮੬ ਸਵੇਰੇ ੩ ਤੋਂ ੬ ਕੀਰਤਨ ਆਸਾ ਦੀਵਾਰ, ਉਪਰੰਤ ਸ੍ਰੀ ਅਖੰਡਪਾਠ ਅਰੰਭ ਗੁਰੂ ਤੇਗ ਬਹਾਦਰ ਨਿਵਾਸ ਅਸਥਾਨ
ਸ਼ਾਮ ੫ ਤੋਂ ੮-੩੦ ਕੀਰਤਨ ਗੁ: ਸਾਹਿਬ ਦਰਸ਼ਨੀ ਦਰਬਾਰ (ਹੋਤੀ ਮਰਦਾਨ) ਨਾਮਦਾਰ ਰੋਡ

੨੨-੨-੮੬ ਸਵੇਰੇ ੩ ਤੋਂ ੧੧ ਅਖੰਡ ਕੀਰਤਨ ਗੁ: ਨਵੀਨ ਸ੍ਰੀ ਗੁਰੂ ਸਿੰਘ ਸਭਾ, ਧਰਮਪੁਰਾ ਬਜ਼ਾਰ
ਸ਼ਾਮ ੩ ਤੋਂ ੭-੩੦ ਹਜ਼ੂਰੀ ਕੀਰਤਨ ਨਿਤਾਪ੍ਰਤੀ ਮਰਯਾਦਾ ਅਨੁਸਾਰ, ਗੁ: ਦੂਖ ਨਿਵਾਰਨ ਸਾਹਿਬ

੨੩-੨-੮੬ ਸਵੇਰੇ ੪ ਵਜੇ ਸਮਾਪਤੀ ਸ੍ਰੀ ਅਖੰਡਪਾਠ, ਉਪ੍ਰੰਤ ੫ ਵਜੇ ਤੋਂ ੧ ਵਜੇ ਦੁਪਹਿਰ ਤਕ ਕੀਰਤਨ ਦੂਖ ਨਿਵਾਰਨ ਸਾਹਿਬ
ਸ਼ਾਮ ੫ ਵਜੇ ਅੰਮ੍ਰਿਤ ਸਿੰਚਾਰ ਅਤੇ ੭-੩੦ ਰੈਣਸਬਾਈ ਕੀਰਤਨ ਅਰੰਭ ਗੁ: ਦੂਖ ਨਿਵਾਰਨ ਸਾਹਿਬ ਵਿਖੇ

੨੪-੨-੮੬ ਸੋਮਵਾਰ ਸਵੇਰੇ ੭ ਵਜੇ ਸਮਾਪਤੀ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ, ਪਟਿਆਲਾ

# ਹੋਲਾ ਮਹੱਲਾ ਸਮਾਗਮ ੨੪ ਤੋਂ ੨੭ ਸਵੇਰ ਤਕ ਅਨੰਦਪੁਰ ਸਾਹਿਬ ਵਿਖੇ

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਕੀਰਤਨ ਰੈਣ ਸਬਾਈਆਂ ਤੇ ਅੰਮ੍ਰਿਤ ਸਿੰਚਾਰ

(1) ਭਾਈ ਗੁਰਨਾਮ ਸਿੰਘ ਜੀ ਰੈਡਿੰਗ (ਯੂ. ਕੇ) ਸੂਚਨਾ ਦਿੰਦੇ ਹਨ ਕਿ ਰੈਣ ਸਬਾਈ ਕੀਰਤਨ ਹੇਠ ਲਿਖੇ ਅਨੁਸਾਰ ਹੋ ਰਹੇ ਹਨ—
੧੫-੨-੮੬ ਸ਼ਨੀਵਾਰ ਰਾਤ ਗੁਰਦਵਾਰਾ ਗੁਰੂ ਨਾਨਕ,ਵੈਸਟ ਬ੍ਰਾਮਵਿਚ ਸਟਰੀਟ, ਵਾਲਸਾਲ walsal (ਮਿਡਲੈਂਡ-ਯੂ. ਕੇ.) ਵਿਖੇ
ਫੋਨ ਗੁਰਦਵਾਰਾ 0922-22199, ਭਾਈ ਜੋਗਾ ਸਿੰਘ 021-525-9244, ਭਾਈ ਬਲਬੀਰ ਸਿੰਘ ਜਥੇਦਾਰ 021-523-0780

(2) ਭਾਈ ਰਾਜਿੰਦਰ ਸਿੰਘ ਸੀ ਡਡਲੀ (ਯੂ. ਕੇ.) ਸੂਚਨਾ ਦਿੰਦੇ ਹਨ ਕਿ ਹੇਠ ਲਿਖੇ ਅਨੁਸਾਰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਹੋ ਰਹੇ ਹਨ—
1-3-86 ਸ਼ਨੀਵਾਰ ਰਾਤ ਗੁਰੂ ਨਾਨਕ ਗੁਰਦਵਾਰਾ, ਹਡਲੇ ਸਟਰੀਟ, ਟੈਲਫੋਰਡ TELFORD, ਸਲੋਪ ਵਿਖੇ
ਫੋਨ ਗੁਰਦਵਾਰਾ 0952-51734, ਭਾ: ਪ੍ਰਕਾਸ਼ ਸਿੰਘ ਅਖੰਡ ਕੀਰਤਨੀ ਜਥਾ ਟੈਲਫੋਰਡ 0952-48409

## ਬਰੇਲੀ ਕੈਂਟ ਵਿਖੇ ਨੌਜਵਾਨ ਕੀਰਤਨੀ ਬੱਚਿਆਂ ਦੀ ਯਾਦ ਵਿਚ ਰੈਣ ਸਬਾਈ ਕੀਰਤਨ

ਵੀਰ ਪੂਰਨ ਜੀ ਤੇ ਬੀਬੀ ਭੂਪਿੰਦਰ ਕੌਰ ਦੇ ਹੋਣਹਾਰ ਕੀਰਤਨੀ ਬੱਚਿਆਂ ਭਾਈ ਵਰਿੰਦਰ ਸਿੰਘ ਤੇ ਰੂਪਿੰਦਰ ਸਿੰਘ ਦੀ ਯਾਦ ਵਿਚ (ਨੌਜਵਾਨ) ਅਖੰਡ ਕੀਰਤਨੀ ਜਥਾ ਬਰੇਲੀ ਵਲੋਂ ੮-੨-੮੬ ਸ਼ਨੀਵਾਰ ਰਾਤ ਨੂੰ ਡਾ: ਜੋਗਿੰਦਰ ਸਿੰਘ ਜੀ ਦੇ ਬੰਗਲਾ ਨੰਬਰ ੧੦, ਬਰੇਲੀ ਕੈਂਟ ਵਿਚ ਰੈਣ ਸਬਾਈ ਕੀਰਤਨ ਹੋਣੇ ਹਨ। ਸ਼ਹਿਰ ਤੇ ਕਾਲੋਨੀ ਤੋਂ ਰਾਤ ਨੌਂ ਵਜੇ ਤਕ ਬਸਾਂ ਜਾਣਗੀਆਂ। ਆਇ ਜੁੜੋ ਜੀ। ਪੁਛ ਗਿਛ—ਦਸਮੇਸ਼ ਬਿਸਕੁਟ ਬੇਕਰੀ, ਕੋਹਾੜਾ ਪੀਰ ਬਰੇਲੀ, ਫੋਨ ੭੫੫੦੭

## ਗੋਨਿਆਨਾ ਮੰਡੀ (ਬਠਿੰਡਾ) ਵਿਖੇ ਰੈਣ ਸਬਾਈ ਕੀਰਤਨ

ਭਾਈ ਤੀਰਥ ਸਿੰਘ ਸੂਚਨਾ ਦਿੰਦੇ ਹਨ ਕਿ ਅਖੰਡ ਕੀਰਤਨੀ ਜਥਾ ਗੋਨਿਆਨਾ ਮੰਡੀ ਵਲੋਂ ੨੨ ਫ਼ਰਵਰੀ ਸ਼ਨੀਵਾਰ ਰਾਤ ਨੂੰ ਗੁਰਦੁਵਾਰਾ ਸੰਤ ਭਾਈ ਸੁਹੇਲ ਸਿੰਘ ਗੋਨਿਆਨਾ ਮੰਡੀ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਪੁਜ ਕੇ ਲਾਹੇ ਪ੍ਰਾਪਤ ਕਰੋ ਜੀ।

## ਘਣਗਸ (ਲੁਧਿਆਣਾ) ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਰਾਮਪੁਰ ਸੂਚਨਾ ਦਿੰਦੇ ਹਨ ਕਿ ੧੫ ਫ਼ਰਵਰੀ ਸ਼ਨੀਵਾਰ ਰਾਤ ਨੂੰ ਭਾਈ ਧਰਮ ਸਿੰਘ ਦੇ ਗ੍ਰਿਹਿ ਘਣਗਸ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ।

## ਗੁਰਦਵਾਰਾ ਸੰਤੋਖਸਰ ਸ੍ਰੀ ਅੰਮ੍ਰਿਤਸਰ ਵਿਖੇ ਰੈਣ ਸਬਾਈ ਕੀਰਤਨ

੧੯੭੮ ਦੇ ਸ਼ਹੀਦਾਂ ਦੀ ਯਾਦ ਵਿਚ ੧੫ ਫ਼ਰਵਰੀ ਸਨੀਵਾਰ ਰਾਤ. ਨੂੰ ਗੁਰਦਵਾਰਾ ਸੰਤੋਖਸਰ ਵਿਚ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ ਤੇ ਲਾਹੇ ਪ੍ਰਾਪਤ ਕਰੋ ਜੀ।

ਸੂਰਾ ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org